# ਪੰਜਾਬੀ ਪੁਸਤਕ-2

T1W6C5

ਸਮੱਗਰ ਸਿੱਖਿਆ ਅਭਿਆਨ

ਪੜ੍ਹੋ ਸਾਰੇ ਵਧੋ ਸਾਰੇ

ਸਿੱਖਿਆ ਅਤੇ ਭਲਾਈ ਵਿਭਾਗ, ਪੰਜਾਬ ਦਾ ਸਾਂਝਾ ਉਪਰਾਲਾ


## ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ

© ਪੰਜਾਬ ਸਰਕਾਰ

**ਪਹਿਲਾ ਐਡੀਸ਼ਨ : 2018**

**ਦੂਸਰਾ ਐਡੀਸ਼ਨ : 2019**

**ਤੀਸਰਾ ਐਡੀਸ਼ਨ : 2020**

**ਚੌਥਾ ਐਡੀਸ਼ਨ : 2021..................2,20,900 ਕਾਪੀਆਂ**

All rights, including those of translation, reproduction and annotation etc., are reserved by the Punjab Government

**ਚਿਤਾਵਨੀ**

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ਼ ਪਾਠ-ਪੁਸਤਕਾਂ 'ਤੇ ਜਿਲਦਸਾਜੀ ਨਹੀਂ ਕਰ ਸਕਦਾ। (ਏਜੰਸੀ-ਹੋਲਡਰਾਂ ਨਾਲ਼ ਹੋਏ ਸਮਝੌਤੇ ਦੀ ਧਾਰਾ ਨੰ 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਵਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਲ੍ਹੀ ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਪ੍ਰਕਾਸ਼ਨ, ਸਟਾਕ ਕਰਨਾ, ਜਮ੍ਹਾਖ਼ੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ ਪ੍ਰਨਾਲ਼ੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ।

   (ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ 'ਵਾਟਰ ਮਾਰਕ' ਵਾਲੇ ਕਾਗ਼ਜ਼ ਦੇ ਉੱਪਰ ਹੀ ਛਪਵਾਈਆਂ ਜਾਂਦੀਆਂ ਹਨ।

ਸਮੱਗਰ ਸਿੱਖਿਆ ਅਭਿਆਨ

ਪੜ੍ਹੋ ਸਾਰੇ ਵਧੋ ਸਾਰੇ

**ਸਿੱਖਿਆ ਅਤੇ ਭਲਾਈ ਵਿਭਾਗ, ਪੰਜਾਬ ਦਾ ਸਾਂਝਾ ਉਪਰਾਲਾ**

**ਇਹ ਪੁਸਤਕ ਵਿਕਰੀ ਲਈ ਨਹੀਂ ਹੈ।**

---

ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062 ਰਾਹੀਂ ਪ੍ਰਕਾਸ਼ਿਤ ਅਤੇ ਐਸ. ਦਿਨੇਸ਼ ਐਂਡ ਕੰਪਨੀ, ਟਰਾਂਸਪੋਰਟ ਨਗਰ, ਜਲੰਧਰ ਦੁਆਰਾ ਛਾਪੀ ਗਈ।

# ਦੋ ਸ਼ਬਦ

ਪੰਜਾਬ ਦੀ ਰਾਜ-ਭਾਸ਼ਾ ਹੋਣ ਸਦਕਾ ਪੰਜਾਬੀ ਨੂੰ ਰਾਜ ਦੇ ਸਕੂਲ ਸਿੱਖਿਆ-ਕ੍ਰਮ ਵਿੱਚ ਇੱਕ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਮੁੱਢ ਤੋਂ ਹੀ ਇਸ ਦੇ ਵਿਕਾਸ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਂਦੇ ਰਹੇ ਹਨ। ਇਸ ਸਿਲਸਿਲੇ ਵਿੱਚ ਬੋਰਡ ਦੁਆਰਾ ਰਾਜ ਦੇ ਵਿਦਿਆਰਥੀਆਂ ਦੀਆਂ ਲੋੜਾਂ ਨੂੰ ਮੁੱਖ ਰੱਖਦੇ ਹੋਏ ਸਮੇਂ-ਸਮੇਂ 'ਤੇ ਪਾਠ-ਕ੍ਰਮਾਂ ਅਤੇ ਪਾਠ-ਪੁਸਤਕਾਂ ਨੂੰ ਨਵਿਆਇਆ ਜਾਂਦਾ ਹੈ।

ਹਥਲੀ ਪਾਠ ਪੁਸਤਕ ਦੂਜੀ ਸ਼੍ਰੇਣੀ (ਪਹਿਲੀ-ਭਾਸ਼ਾ) ਦੇ ਵਿਦਿਆਰਥੀਆਂ ਲਈ ਐੱਨ.ਸੀ.ਐੱਫ਼. 2005 ਅਤੇ ਪੀ.ਸੀ.ਐੱਫ. 2013 ਦੀਆਂ ਸਿਫ਼ਾਰਸ਼ਾ ਨੂੰ ਮੱਦੇਨਜ਼ਰ ਰੱਖਦਿਆਂ ਤਿਆਰ ਕੀਤੀ ਗਈ ਹੈ। ਇਸ ਪੁਸਤਕ ਨੂੰ ਤਿਆਰ ਕਰਦੇ ਸਮੇਂ ਛੋਟੇ ਬੱਚਿਆਂ ਦੀਆਂ ਰੁਚੀਆਂ ਦਾ ਪੂਰਾ ਧਿਆਨ ਰੱਖਿਆ ਗਿਆ ਹੈ। ਇਸ ਲਈ ਇਸ ਪੁਸਤਕ ਨੂੰ ਬਾਲ-ਅਨੁਸਾਰੀ ਬਣਾਉਨ ਲਈ ਬਾਲ-ਗੀਤਾਂ, ਮਾਤਰਾਵਾਂ ਦੀ ਦੁਹਰਾਈ, ਕਵਿਤਾਵਾਂ, ਕਹਾਣੀਆਂ, ਲੇਖਾਂ ਅਤੇ ਬੁਝਾਰਤਾਂ ਨੂੰ ਗਤੀਵਿਧੀ ਆਧਾਰਿਤ ਸਿੱਖਿਆ ਦੇ ਨਾਲ਼-ਨਾਲ਼ ਸੁੰਦਰ ਚਿੱਤਰਾਂ ਰਾਹੀਂ ਇਸ ਨੂੰ ਮਨਮੋਹਣਾ ਬਣਾਉਣ ਦਾ ਯਤਨ ਕੀਤਾ ਗਿਆ ਹੈ। ਬੱਚਿਆਂ ਦੀ ਸਹੂਲਤ ਲਈ ਇਸ ਪੁਸਤਕ ਦੇ ਪਾਠ-ਅਭਿਆਸਾਂ ਨੂੰ ਹੱਲ ਕਰਨ ਲਈ ਅਭਿਆਸ-ਪੁਸਤਕ ਦਾ ਰੂਪ ਦਿੱਤਾ ਗਿਆ ਹੈ।

ਇਹ ਪਾਠ-ਪੁਸਤਕ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਪੰਜਾਬੀ ਵਿਕਾਸ ਕੇਂਦਰ ਦੇ ਵਿਸ਼ਾ-ਮਾਹਰ ਸ੍ਰੀਮਤੀ ਰਾਜਿੰਦਰ ਚੌਹਾਨ ਦੁਆਰਾ, ਡਾਇਰੈਕਟਰ ਅਕਾਦਮਿਕ ਸ੍ਰੀਮਤੀ ਮਨਜੀਤ ਕੌਰ ਦੀ ਅਗਵਾਈ ਹੇਠ ਖੇਤਰ ਦੇ ਮਾਹਰਾਂ ਡਾ.ਅਮਰਜੀਤ ਕੌਰ ਵਿਰਕ, ਸ੍ਰੀਮਤੀ ਨਿਤਾਸ਼ਾ ਕੋਹਲੀ, ਸ. ਰਣਬੀਰ ਸਿੰਘ ਵਿਸ਼ਾ-ਮਾਹਰ ਐੱਸ. ਸੀ. ਈ. ਆਰ. ਟੀ. ਅਤੇ ਅਧਿਆਪਕਾਂ ਸ. ਮਨਦੀਪ ਸਿੰਘ ਢਿੱਲੋਂ, ਸ. ਜਸਵੀਰ ਸਿੰਘ ਅਤੇ ਸ. ਜਸਵੀਰ ਸਿੰਘ ਲੰਗੜੋਆ ਦੇ ਸਹਿਯੋਗ ਨਾਲ ਤਿਆਰ ਕੀਤੀ ਗਈ ਹੈ। ਉਹਨਾਂ ਸਭਨਾਂ ਲੇਖਕਾਂ ਦਾ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਧੰਨਵਾਦ ਕੀਤਾ ਜਾਦਾਂ ਹੈ ਜਿਨ੍ਹਾਂ ਦੀਆਂ ਰਚਨਾਵਾਂ ਇਸ ਪਾਠ-ਪੁਸਤਕ ਵਿੱਚ ਸ਼ਾਮਲ ਕੀਤੀਆਂ ਗਈਆਂ ਹਨ। ਇਸ ਪੁਸਤਕ ਨੂੰ ਹੋਰ ਵਧੀਆ ਬਣਾਉਣ ਲਈ ਆਏ ਸੁਝਾਵਾਂ ਦਾ ਬੋਰਡ ਵੱਲੋਂ ਸੁਆਗਤ ਕੀਤਾ ਜਾਵੇਗਾ।

**ਚੇਅਰਮੈਨ**
**ਪੰਜਾਬ ਸਕੂਲ ਸਿੱਖਿਆ ਬੋਰਡ**

# ਸਿੱਖਣ ਦੇ ਪਰਿਣਾਮ

- ਸਿੱਖਣ-ਸਿਖਾਉਣ ਦੀ ਪ੍ਰਕਿਰਿਆ ਤੋਂ ਬਾਅਦ ਵਿਦਿਆਰਥੀ ਹੇਠ ਲਿਖੇ ਦੇ ਸਮਰੱਥ ਹੋਣਗੇ:-
- ਵਿਦਿਆਰਥੀ ਪੜ੍ਹਨ-ਸਮਗਰੀ ਜਿਵੇਂ : ਪੰਜਾਬੀ ਦੀਆਂ ਸਰਲ ਅਤੇ ਸੰਖੇਪ ਕਹਾਣੀਆਂ, ਕਵਿਤਾਵਾਂ ਅਤੇ ਲੇਖ ਆਦਿ ਨੂੰ ਪੂਰਨ ਵਿਸ਼ਰਾਮ, ਕਾਮਾ, ਪ੍ਰਸ਼ਨਵਾਚਕ ਤੇ ਵਿਸਮਿਕ-ਚਿੰਨ੍ਹਾਂ ਅਨੁਸਾਰ ਠਹਿਰਾਉ ਦੇ ਕੇ, ਠੀਕ ਢੰਗ ਨਾਲ਼ ਬੋਲ ਕੇ ਪੜ੍ਹਦਾ ਹੈ।
- ਵਿਦਿਆਰਥੀ ਦੀ ਪੜ੍ਹਨ-ਸਮਗਰੀ ਨੂੰ ਪੜ੍ਹਨ ਦੀ ਗਤੀ ਵਿੱਚ ਪਹਿਲੀ ਜਮਾਤ ਦੇ ਮੁਕਾਬਲੇ ਤੇਜ਼ੀ ਆਈ ਹੈ ਅਤੇ ਉਚਾਰਨ ਦੇ ਪੱਧਰ 'ਤੇ ਸੁਧਾਰ ਹੋਇਆ ਹੈ।
- ਵਿਦਿਆਰਥੀ ਕਿਸੇ ਦੂਜੇ ਵਿਦਿਆਰਥੀ ਦੁਆਰਾ ਪੜ੍ਹੇ ਗਏ ਪਾਠ ਨੂੰ ਧਿਆਨ ਨਾਲ਼ ਸੁਣਦੇ ਹਨ ਅਤੇ ਉਹਨਾਂ ਦੀ ਸੁਣਨ-ਸ਼ਕਤੀ ਵਿੱਚ ਵਾਧਾ ਹੋਇਆ ਹੈ।
- ਵਿਦਿਆਰਥੀ ਟੈਲੀਵੀਜ਼ਨ ਜਾਂ ਰੇਡੀਓ ਤੋਂ ਬੱਚਿਆਂ ਲਈ ਪ੍ਰਸਾਰਿਤ ਕੀਤੇ ਜਾਣ ਵਾਲ਼ੇ ਪ੍ਰੋਗਰਾਮਾਂ ਵਿੱਚ ਦਿਲਚਸਪੀ ਦਿਖਾਉਂਦੇ ਹਨ ਅਤੇ ਉਸ ਬਾਰੇ ਆਪਣੇ ਸਾਥੀਆਂ ਨਾਲ਼ ਗੱਲ-ਬਾਤ ਵੀ ਕਰਦੇ ਹਨ।
- ਵਿਦਿਆਰਥੀ ਵਿਅਕਤੀਗਤ ਅਤੇ ਸਮੂਹਿਕ ਰੂਪ ਵਿੱਚ ਕਵਿਤਾ/ਗੀਤ ਗਾਇਨ ਕਰਦੇ ਹਨ। ਉਹ ਇਸ ਦਾ ਅਨੰਦ ਲੈਂਦੇ ਹਨ ਅਤੇ ਉਹਨਾਂ ਅੰਦਰ ਸੰਗੀਤ ਪ੍ਰਤਿ ਖਿੱਚ ਪੈਦਾ ਹੋਣੀ ਸ਼ੁਰੂ ਹੁੰਦੀ ਹੈ।
- ਵਿਦਿਆਰਥੀ ਬੋਲ-ਲਿਖਤ (Dictation) ਕਰਨ ਦੇ ਯੋਗ ਹਨ।
- ਵਿਦਿਆਰਥੀ ਮੇਰਾ ਸਕੂਲ, ਮੇਰੇ ਮਾਤਾ ਜੀ, ਮੇਰੇ ਪਿਤਾ ਜੀ, ਮੇਰੇ ਦਾਦਾ ਜੀ, ਮੇਰਾ ਪਰਿਵਾਰ ਆਦਿ ਲੇਖ ਸੁਣਾਉਂਦੇ ਹਨ ਅਤੇ ਲਿਖਦੇ ਹਨ।
- ਵਿਦਿਆਰਥੀ ਅੰਦਰ ਰਿਸ਼ਤਿਆਂ ਦੀ ਮਹੱਤਤਾ ਦੀ ਸਮਝ ਪੈਦਾ ਹੁੰਦੀ ਹੈ, ਜਿਵੇਂ : "ਮਾਂ ਦਾ ਪਿਆਰ" ਕਵਿਤਾ ਪੜ੍ਹਨ ਤੋਂ ਬਾਅਦ ਵਿਦਿਆਰਥੀ ਆਪਣੀ ਮਾਂ ਦਾ ਵਧੇਰੇ ਸਤਿਕਾਰ ਕਰਦਾ ਹੈ ਅਤੇ ਇੱਕ ਬੱਚੇ ਦੇ ਜੀਵਨ ਵਿੱਚ ਮਾਂ ਦੇ ਰਿਸ਼ਤੇ ਦੀ ਅਹਿਮੀਅਤ ਜਾਣਦਾ ਹੈ।
- ਵਿਦਿਆਰਥੀ ਸਧਾਰਨ ਪੱਧਰ ਦੀਆਂ ਬੁਝਾਰਤਾਂ ਬੁੱਝ ਲੈਂਦਾ ਹੈ ਅਤੇ ਉਸ ਦਾ ਦਿਮਾਗ਼ੀ ਵਿਕਾਸ ਹੁੰਦਾ ਹੈ।
- ਕਹਾਣੀਆਂ, ਕਵਿਤਾਵਾਂ, ਲੇਖ ਪੜ੍ਹਨ ਨਾਲ਼ ਵਿਦਿਆਰਥੀ ਦੀ ਕਲਪਨਾ-ਸ਼ਕਤੀ ਵਿੱਚ ਵਾਧਾ ਹੁੰਦਾ ਹੈ ਅਤੇ ਉਸ ਅੰਦਰ ਸੌਂਦਰਯ ਬੋਧ-ਪੈਦਾ ਹੋਣਾ ਸ਼ੁਰੂ ਹੋਇਆ ਹੈ।

## ਭਾਗ-1


- ਬਾਲ-ਗੀਤ 01-02
- ਰੰਗੋ-ਰੰਗ ਮੁਹਾਰਨੀ 03-04
- ਮਾਤਰਾਵਾਂ ਦੀ ਦੁਹਰਾਈ 05-32
- ਜਾਨਵਰਾਂ, ਸਬਜ਼ੀਆਂ, ਰੰਗਾਂ, ਫਲ਼ਾਂ ਦੇ ਨਾਂ 33-35
- ਆਪਣੇ ਬਾਰੇ 36-36


## ਭਾਗ-2


1. ਮੇਰੀ ਮਾਂ 37-40
2. ਜਾਗੋ! ਜਾਗੋ! ਹੋਇਆ ਸਵੇਰਾ 41-44
3. ਮਨ ਦਾ ਡਰ 45-49
4. ਇੱਕ ਸੀ ਸ਼ੇਖ਼ਚਿਲੀ 50-54
5. ਕੀੜੀ ਤੇ ਹਾਥੀ 55-58
6. ਚਿੜੀ ਤੇ ਪਿੱਪਲ਼ 59-64
7. ਭਾਈ ਲਾਲੋ 65-69
8. ਬੱਦਲ਼ 70-73
9. ਨਿੰਮ 74-77
10. ਮੇਰਾ ਪਿੰਡ 78-83
11. ਪੰਛੀ 84-90
12. ਅੱਬੂ ਦੀਆਂ ਕੁਕੜੀਆਂ 91-95
13. ਕੋਟਲ਼ਾ-ਛਪਾਕੀ 96-102
14. ਰੁੱਖ ਲਗਾਈਏ ਰੁੱਖ 103-107
15. ਦਸਹਿਰਾ 108-113
16. ਹਰੀਆਂ ਸਬਜ਼ੀਆਂ 114-116
17. ਆਓ ਬੁੱਝੀਏ 117-122






ਬਾਲ-ਗੀਤ

# ਹਾਹਾ ਕਹਿੰਦਾ ਹੋ ਹੁਸ਼ਿਆਰ

ਊੜਾ ਉੱਠਿਆ ਇੱਕ ਨੰਬਰ ’ਤੇ,
ਕਰਨ ਲਈ ਸ਼ੁਰੂਆਤ।
ਐੜਾ ਆੜੀ ਆਖਣ ਲੱਗਾ,
ਚੁੱਕ ਲਓ ਕਲਮ-ਦਵਾਤ।
ਈੜੀ ਇੰਜਣ ਵਾਂਗੂੰ ਆਈ,
ਬੋਲੀ ਦੱਬ ਕੇ ਕਰੋ ਪੜ੍ਹਾਈ।
ਸੱਸਾ ਆਖੇ ਸਾਹਿਬ ਜੇ ਬਣਨਾ,
ਖੇਡਾਂ ਨਾਲ਼ ਜ਼ਰੂਰੀ ਪੜ੍ਹਨਾ।
ਹਾਹਾ ਕਹਿੰਦਾ ਹੋ ਹੁਸ਼ਿਆਰ,
ਨੱਚੋ-ਟੱਪੋ ਕਰੋ ਪਿਆਰ।






ਬਾਲ-ਗੀਤ

# ਅਟਕਣ-ਮਟਕਣ



ਅਟਕਣ-ਮਟਕਣ ਫੁੱਲ ਪਟਾਕੇ,
ਆਓ ਖੇਡੀਏ ਪਾਰਕ ਜਾ ਕੇ।
ਅਟਕਣ-ਮਟਕਣ,
ਅੰਬਰੀਂ ਤਾਰੇ,
ਲੁਕਣ–ਮੀਚੀ,
ਖੇਡੀਏ ਸਾਰੇ।
ਅਟਕਣ-ਮਟਕਣ
ਖਾਓ ਪਪੀਤਾ,
ਅਸੀਂ ਖੇਡਣਾ,
ਛੁਹਣ–ਛਣੀਕਾ।
ਅਟਕਣ-ਮਟਕਣ,
ਜੋਟੀ ਆਈਏ,
ਹੇਕਾਂ ਲਾ–ਲਾ
ਸਾਰੇ ਗਾਈਏ।

# ਰੰਗੋ - ਰੰਗ ਮੁਹਾਰਨੀ

| | | | | | | | | | | | |
|---|---|---|---|---|---|---|---|---|---|---|---|
| ਅ | ਆ | ਇ | ਈ | ਉ | ਊ | ਏ | ਐ | ਓ | ਔ | ਅੰ | ਆਂ |
| ਸ | ਸਾ | ਸਿ | ਸੀ | ਸੁ | ਸੂ | ਸੇ | ਸੈ | ਸੋ | ਸੌ | ਸੰ | ਸਾਂ |
| ਹ | ਹਾ | ਹਿ | ਹੀ | ਹੁ | ਹੂ | ਹੇ | ਹੈ | ਹੋ | ਹੌ | ਹੰ | ਹਾਂ |
| ਕ | ਕਾ | ਕਿ | ਕੀ | ਕੁ | ਕੂ | ਕੇ | ਕੈ | ਕੋ | ਕੌ | ਕੰ | ਕਾਂ |
| ਖ | ਖਾ | ਖਿ | ਖੀ | ਖੁ | ਖੂ | ਖੇ | ਖੈ | ਖੋ | ਖੌ | ਖੰ | ਖਾਂ |
| ਗ | ਗਾ | ਗਿ | ਗੀ | ਗੁ | ਗੂ | ਗੇ | ਗੈ | ਗੋ | ਗੌ | ਗੰ | ਗਾਂ |
| ਘ | ਘਾ | ਘਿ | ਘੀ | ਘੁ | ਘੂ | ਘੇ | ਘੈ | ਘੋ | ਘੌ | ਘੰ | ਘਾਂ |
| ਚ | ਚਾ | ਚਿ | ਚੀ | ਚੁ | ਚੂ | ਚੇ | ਚੈ | ਚੋ | ਚੌ | ਚੰ | ਚਾਂ |
| ਛ | ਛਾ | ਛਿ | ਛੀ | ਛੁ | ਛੂ | ਛੇ | ਛੈ | ਛੋ | ਛੌ | ਛੰ | ਛਾਂ |
| ਜ | ਜਾ | ਜਿ | ਜੀ | ਜੁ | ਜੂ | ਜੇ | ਜੈ | ਜੋ | ਜੌ | ਜੰ | ਜਾਂ |
| ਝ | ਝਾ | ਝਿ | ਝੀ | ਝੁ | ਝੂ | ਝੇ | ਝੈ | ਝੋ | ਝੌ | ਝੰ | ਝਾਂ |
| ਟ | ਟਾ | ਟਿ | ਟੀ | ਟੁ | ਟੂ | ਟੇ | ਟੈ | ਟੋ | ਟੌ | ਟੰ | ਟਾਂ |
| ਠ | ਠਾ | ਠਿ | ਠੀ | ਠੁ | ਠੂ | ਠੇ | ਠੈ | ਠੋ | ਠੌ | ਠੰ | ਠਾਂ |
| ਡ | ਡਾ | ਡਿ | ਡੀ | ਡੁ | ਡੂ | ਡੇ | ਡੈ | ਡੋ | ਡੌ | ਡੰ | ਡਾਂ |
| ਢ | ਢਾ | ਢਿ | ਢੀ | ਢੁ | ਢੂ | ਢੇ | ਢੈ | ਢੋ | ਢੌ | ਢੰ | ਢਾਂ |
| ਣ | ਣਾ | ਣਿ | ਣੀ | ਣੁ | ਣੂ | ਣੇ | ਣੈ | ਣੋ | ਣੌ | ਣੰ | ਣਾਂ |

# ਰੰਗੋ - ਰੰਗ ਮੁਹਾਰਨੀ

| | | | | | | | | | | | |
|---|---|---|---|---|---|---|---|---|---|---|---|
| ਤ | ਤਾ | ਤਿ | ਤੀ | ਤੁ | ਤੂ | ਤੇ | ਤੈ | ਤੋ | ਤੌ | ਤੰ | ਤਾਂ |
| ਥ | ਥਾ | ਥਿ | ਥੀ | ਥੁ | ਥੂ | ਥੇ | ਥੈ | ਥੋ | ਥੌ | ਥੰ | ਥਾਂ |
| ਦ | ਦਾ | ਦਿ | ਦੀ | ਦੁ | ਦੂ | ਦੇ | ਦੈ | ਦੋ | ਦੌ | ਦੰ | ਦਾਂ |
| ਧ | ਧਾ | ਧਿ | ਧੀ | ਧੁ | ਧੂ | ਧੇ | ਧੈ | ਧੋ | ਧੌ | ਧੰ | ਧਾਂ |
| ਨ | ਨਾ | ਨਿ | ਨੀ | ਨੁ | ਨੂ | ਨੇ | ਨੈ | ਨੋ | ਨੌ | ਨੰ | ਨਾਂ |
| ਪ | ਪਾ | ਪਿ | ਪੀ | ਪੁ | ਪੂ | ਪੇ | ਪੈ | ਪੋ | ਪੌ | ਪੰ | ਪਾਂ |
| ਫ | ਫਾ | ਫਿ | ਫੀ | ਫੁ | ਫੂ | ਫੇ | ਫੈ | ਫੋ | ਫੌ | ਫੰ | ਫਾਂ |
| ਬ | ਬਾ | ਬਿ | ਬੀ | ਬੁ | ਬੂ | ਬੇ | ਬੈ | ਬੋ | ਬੌ | ਬੰ | ਬਾਂ |
| ਭ | ਭਾ | ਭਿ | ਭੀ | ਭੁ | ਭੂ | ਭੇ | ਭੈ | ਭੋ | ਭੌ | ਭੰ | ਭਾਂ |
| ਮ | ਮਾ | ਮਿ | ਮੀ | ਮੁ | ਮੂ | ਮੇ | ਮੈ | ਮੋ | ਮੌ | ਮੰ | ਮਾਂ |
| ਯ | ਯਾ | ਯਿ | ਯੀ | ਯੁ | ਯੂ | ਯੇ | ਯੈ | ਯੋ | ਯੌ | ਯੰ | ਯਾਂ |
| ਰ | ਰਾ | ਰਿ | ਰੀ | ਰੁ | ਰੂ | ਰੇ | ਰੈ | ਰੋ | ਰੌ | ਰੰ | ਰਾਂ |
| ਲ | ਲਾ | ਲਿ | ਲੀ | ਲੁ | ਲੂ | ਲੇ | ਲੈ | ਲੋ | ਲੌ | ਲੰ | ਲਾਂ |
| ਵ | ਵਾ | ਵਿ | ਵੀ | ਵੁ | ਵੂ | ਵੇ | ਵੈ | ਵੋ | ਵੌ | ਵੰ | ਵਾਂ |
| ੜ | ੜਾ | ੜਿ | ੜੀ | ੜੁ | ੜੂ | ੜੇ | ੜੈ | ੜੋ | ੜੌ | ੜੰ | ੜਾਂ |

# ਮਾਤਰਾਵਾਂ ਦੀ ਦੁਹਰਾਈ

## (ਾ) ਕੰਨਾ

| | | | | | |
|---|---|---|---|---|---|
| ਕਾਰ | ਤਾਰ | ਜਾਲ਼ | ਦਾਲ਼ | ਸਾਗ | ਰਾਤ |
| ਕਾਕਾ | ਦਾਦਾ | ਪਾਪਾ | ਚਾਚਾ | ਮਾਤਾ | ਬਾਬਾ |
| ਗਾਜਰ | ਪਾਲਕ | ਚਾਦਰ | ਸਾਗਰ | ਆਦਤ | ਚਾਨਣ |
| ਯਾਤਰਾ | ਚਾਦਰਾ | ਪਟਾਕਾ | ਬਦਾਨਾ | ਪਜਾਮਾ | ਤਮਾਸ਼ਾ |



ਆ ਕਾਕਾ ਆ।

ਪਾਠ ਯਾਦ ਕਰ।

ਲਾਲ ਦਸਤਾਰ ਸਜਾ।

ਫਾਟਕ ਪਾਰ ਕਰ।

ਕਾਕਾ ਬਜ਼ਾਰ ਜਾ।

## ਅਭਿਆਸ



**1. ਪੜ੍ਹੋ ਅਤੇ ਸਮਝੋ :**

| | | | | | |
|---|---|---|---|---|---|
| ਜਲ | – | ਜਾਲ੍ਹ | ਤਰ | – | ਤਾਰ |
| ਸਰ | – | ਸਾਰ | ਹਾਰ | – | ਹਰਾ |
| ਨਰ | – | ਨਾਰ | ਫ਼ਰਕ | – | ਫ਼ਰਾਕ |
| ਦਸ | – | ਦਾਸ | ਚਾਦਰ | – | ਚਾਦਰਾ |

**2. ਕੰਨਾ ਮਾਤਰਾ ਦੀ ਵਰਤੋਂ ਕਰਦੇ ਹੋਏ ਹੇਠ ਲਿਖੇ ਅੱਖਰਾਂ ਨਾਲ਼ ਕੋਈ ਅੱਠ ਸ਼ਬਦ ਬਣਾਓ:**

| | | | | | | |
|---|---|---|---|---|---|---|
| T | ਸ | ਹ | ਕ | ਲ | ਰ | ਜ |
| | ਦ | ਗ | ਪ | ਮ | ਭ | ਬ |

ਉਦਾਹਰਨ: ਸਾਲ, ਕਮਾਲ ਆਦਿ

ਅਧਿਆਪਕ ਲਈ : ਇਸ ਤਰ੍ਹਾਂ ਹੋਰ ਅੱਖਰ ਦੇ ਕੇ ਵਿਦਿਆਰਥੀਆਂ ਨੂੰ ਅਭਿਆਸ ਕਰਵਾਓ।

**3. ਕੰਨਾ ਮਾਤਰਾ ਵਾਲ਼ੇ ਸ਼ਬਦਾਂ ਦੀ ਬੋਲ-ਲਿਖਤ :**



**ਪੜ੍ਹੋ**

ਦਸਤਾਰ ਰਫ਼ਤਾਰ ਟਮਾਟਰ
ਦਸਤਾਨਾ ਕਲਾਕਾਰ

# (ਿ) ਸਿਹਾਰੀ

| | | | | | |
|---|---|---|---|---|---|
| ਸਿਰ | ਦਿਨ | ਦਿਲ | ਤਿਲ਼ | ਗਿਣ | ਮਿਣ |
| ਪਿਤਾ | ਸਿਰਾ | ਦਿਸ਼ਾ | ਖਿਮਾ | ਕਿਹਾ | ਰਿਹਾ |
| ਮਿਰਚ | ਕਿਰਤ | ਗਣਿਤ | ਨਹਿਰ | ਸ਼ਹਿਰ | ਮਹਿਲ |
| ਕਿਰਸਾਣ | ਨਿਸ਼ਾਨ | ਗਿਆਨ | ਪਿਆਰ | ਪਿਆਜ਼ | ਸਿਤਾਰ |



ਬਿਕਰਮ ਇੱਧਰ ਆ।

ਇਸ਼ਨਾਨ ਕਰ।

ਕਿਤਾਬ ਲਿਆ।

ਇਹ ਪਾਠ ਲਿਖ।

ਕਵਿਤਾ ਯਾਦ ਕਰ।

ਸਭ ਦਾ ਸਤਿਕਾਰ ਕਰ।

## ਅਭਿਆਸ



**1. ਪੜ੍ਹੋ ਅਤੇ ਸਮਝੋ :**

| | | | | | |
|---|---|---|---|---|---|
| ਸਰ | – | ਸਿਰ | ਗਾਣ | – | ਗਿਣ |
| ਚਰ | – | ਚਿਰ | ਦਾਨ | – | ਦਿਨ |
| ਦਸ਼ਾ | – | ਦਿਸ਼ਾ | ਕਰਨ | – | ਕਿਰਨ |
| ਪਤਾ | – | ਪਿਤਾ | ਕਸਮ | – | ਕਿਸਮ |

**2. ਸਿਹਾਰੀ ਮਾਤਰਾ ਦੀ ਵਰਤੋਂ ਕਰਦੇ ਹੋਏ ਹੇਠ ਲਿਖੇ ਅੱਖਰਾਂ ਨਾਲ਼ ਕੋਈ ਅੱਠ ਸ਼ਬਦ ਬਣਾਓ।**

ਿ

| | | | | | |
|---|---|---|---|---|---|
| ਸ | ਹ | ਕ | ਲ | ਰ | ਫ |
| ਦ | ਗ | ਪ | ਮ | ਸ਼ | ਨ |

ਉਦਾਹਰਨ: ਸਿਰ, ਨਹਿਰ ਆਦਿ

ਅਧਿਆਪਕ ਲਈ : ਇਸ ਤਰ੍ਹਾਂ ਹੋਰ ਅੱਖਰ ਦੇ ਕੇ ਬੱਚਿਆਂ ਨੂੰ ਅਭਿਆਸ ਕਰਵਾਓ।

**3. ਸਿਹਾਰੀ ਮਾਤਰਾ ਵਾਲ਼ੇ ਸ਼ਬਦਾਂ ਦੀ ਬੋਲ-ਲਿਖਤ :**



**ਪੜ੍ਹੋ**

ਬਿਸਤਰਾ ਪਰਿਵਾਰ ਕਿਰਪਾਨ

ਇਸ਼ਨਾਨ ਮਹਿਮਾਨ

# ( ੀ ) ਬਿਹਾਰੀ

| | | | | | |
|---|---|---|---|---|---|
| ਤੀਰ | ਖੀਰ | ਘੜੀ | ਹਰੀ | ਦਰੀ | ਚੀਕ |
| ਵੀਰਾ | ਨੀਲਾ | ਗੀਤਾ | ਦੀਦੀ | ਕੀੜੀ | ਸੀਟੀ |
| ਬਰਫ਼ੀ | ਗਰਮੀ | ਧਰਤੀ | ਕਮੀਜ਼ | ਪਪੀਤਾ | ਬਗ਼ੀਚਾ |
| ਗ਼ਰੀਬੀ | ਫ਼ਕੀਰੀ | ਪਤੀਲੀ | ਪੀਪਣੀ | ਜੀਵਨੀ | ਕੀਮਤੀ |



ਰੱਖੜੀ ਦਾ ਦਿਨ ਸੀ।
ਮਨਮੀਤ ਬਜ਼ਾਰ ਗਈ।
ਵੀਰ ਲਈ ਰੱਖੜੀ ਲਿਆਈ।
ਮਨਮੀਤ ਵੀਰ ਲਈ ਬਰਫ਼ੀ ਵੀ ਲਿਆਈ।
ਵੀਰ ਬਰਫ਼ੀ ਖਾ, ਰੱਖੜੀ ਸਜਾ।
ਮਨਮੀਤ ਰੱਖੜੀ ਵਾਲ਼ਾ ਗੀਤ ਗਾ।

## ਅਭਿਆਸ



**1. ਪੜ੍ਹੋ ਅਤੇ ਸਮਝੋ :**

| | | | | | |
|---|---|---|---|---|---|
| ਚਰ | – | ਚੀਰ | ਨਕਲ | – | ਨਕਲੀ |
| ਵਰ | – | ਵੀਰ | ਬਰਫ਼ | – | ਬਰਫ਼ੀ |
| ਦਿਨ | – | ਦੀਨ | ਗਰਮ | – | ਗਰਮੀ |
| ਖਰਾ | – | ਖੀਰਾ | ਪਤਲਾ | – | ਪਤੀਲਾ |

**2. ਬਿਹਾਰੀ ਮਾਤਰਾ ਦੀ ਵਰਤੋਂ ਕਰਦੇ ਹੋਏ ਹੇਠ ਲਿਖੇ ਅੱਖਰਾਂ ਨਾਲ਼ ਕੋਈ ਅੱਠ ਸ਼ਬਦ ਬਣਾਓ।**

| | | | | | | |
|---|---|---|---|---|---|---|
| ੀ | ਸ | ਹ | ਕ | ਲ | ਰ | ਚ |
| | ਦ | ਗ | ਪ | ਮ | ਸ਼ | ਨ |

ਉਦਾਹਰਨ: ਤੀਰ, ਗਰਮੀ ਆਦਿ

ਅਧਿਆਪਕ ਲਈ: ਇਸ ਤਰ੍ਹਾਂ ਹੋਰ ਅੱਖਰ ਦੇ ਕੇ ਬੱਚਿਆਂ ਨੂੰ ਅਭਿਆਸ ਕਰਵਾਓ।

**3. ਬਿਹਾਰੀ ਮਾਤਰਾ ਵਾਲ਼ੇ ਸ਼ਬਦਾਂ ਦੀ ਬੋਲ-ਲਿਖਤ:**



**ਪੜ੍ਹੋ**

ਪਟਵਾਰੀ ਹਲਵਾਈ ਸਾਈਕਲ
ਵੀਰਵਾਰ ਹਰਿਆਲੀ

# ( ੁ ) ਔਂਕੜ

| | | | | | |
|---|---|---|---|---|---|
| ਤੁਰ | ਸੁਣ | ਗੁੜ | ਪੁਲ਼ | ਖ਼ੁਸ਼ | ਹੁਣ |
| ਬੁਰਾ | ਛੁਰਾ | ਕੁੜੀ | ਪੁੜੀ | ਕੁਲੀ | ਪੁਲ਼ੀ |
| ਦੁਕਾਨ | ਮੁਰਗ਼ਾ | ਖੁਰਪਾ | ਫੁਲਕਾ | ਸੁਰਮਾ | ਕੁੜਤਾ |
| ਜੁਰਾਬ | ਗੁਲਾਬ | ਖ਼ੁਰਾਕ | ਕੁਰਸੀ | ਫੁਹਾਰਾ | ਛੁਹਾਰਾ |



ਸੁਮਨ ਬਾਗ਼ ਵਿੱਚ ਗਈ।

ਹਵਾ ਰੁਕ-ਰੁਕ ਚੱਲ ਰਹੀ ਸੀ।

ਬਾਗ਼ ਵਿੱਚ ਫੁੱਲ ਹੀ ਫੁੱਲ ਸਨ।

ਇੱਕ ਕਿਆਰੀ ਵਿੱਚ ਗੁਲਾਬੀ ਗੁਲਾਬ ਸਨ।

ਸੁਮਨ ਫੁੱਲਾਂ ਨੂੰ ਪਾਣੀ ਲਾਉਣ ਲੱਗੀ।

ਪਾਣੀ ਲਾਉਂਦੀ-ਲਾਉਂਦੀ ਉਹ ਗੀਤ ਗਾਉਣ ਲੱਗੀ।

## ਅਭਿਆਸ



1. **ਪੜ੍ਹੋ ਅਤੇ ਸਮਝੋ :**

| | | | | | |
|---|---|---|---|---|---|
| ਤਰ | – | ਤੁਰ | ਕੜੀ | – | ਕੁੜੀ |
| ਸਣ | – | ਸੁਣ | ਖ਼ਰਚ | – | ਖ਼ੁਰਚ |
| ਬਣ | – | ਬੁਣ | ਹਾਕਮ | – | ਹੁਕਮ |
| ਭਰ | – | ਭੁਰ | ਤਰਨਾ | – | ਤੁਰਨਾ |

2. **ਔਂਕੜ ਮਾਤਰਾ ਦੀ ਵਰਤੋਂ ਕਰਦੇ ਹੋਏ ਹੇਠ ਲਿਖੇ ਅੱਖਰਾਂ ਨਾਲ਼ ਕੋਈ ਅੱਠ ਸ਼ਬਦ ਬਣਾਓ ।**

| | | | | | | |
|---|---|---|---|---|---|---|
| ੁ | ਸ | ਹ | ਕ | ਲ | ਰ | ੜ |
| | ਦ | ਣ | ਪ | ਮ | ਗ | ਬ |

ਉਦਾਹਰਨ: ਮੁੜ, ਗੁੜ ਆਦਿ

ਅਧਿਆਪਕ ਲਈ: ਇਸ ਤਰ੍ਹਾਂ ਹੋਰ ਅੱਖਰ ਦੇ ਕੇ ਬੱਚਿਆਂ ਨੂੰ ਅਭਿਆਸ ਕਰਵਾਓ ।

3. **ਪਾਠ ਵਿੱਚ ਆਏ ਔਂਕੜ ਮਾਤਰਾ ਵਾਲ਼ੇ ਸ਼ਬਦ ਲਿਖੋ :**



## ਪੜ੍ਹੋ

ਪੁਸਤਕ ਬੁਝਾਰਤ ਬੁਲਬੁਲ
ਫੁਲਕਾਰੀ ਕੁਦਰਤ

# ( ੂ ) ਦੁਲੈਂਕੜ

| | | | | | |
|---|---|---|---|---|---|
| ਸੂਟ | ਬੂਟ | ਦੂਰ | ਰੂਪ | ਚੂਰੀ | ਮੂਲ਼ੀ |
| ਦੂਜੀ | ਤੂੜੀ | ਚੂਹੀ | ਆਲੂ | ਭਾਲੂ | ਚਾਕੂ |
| ਸੂਰਜ | ਪੂਰਬ | ਚੂਰਨ | ਸੂਰਤ | ਖਜੂਰ | ਸਕੂਲ |
| ਡਮਰੂ | ਊਰਜਾ | ਸੁਰਮਾ | ਕਤੂਰਾ | ਜ਼ਰੂਰੀ | ਕੂਹਣੀ |



ਸਰੂਪ ਬੂਟ ਪਾ।
ਪੂਰਨ ਨਾਲ਼ ਬਜ਼ਾਰ ਜਾ।
ਤਰਬੂਜ਼, ਖ਼ਰਬੂਜ਼ਾ ਲਿਆ।
ਚਾਕੂ ਨਾਲ਼ ਤਰਬੂਜ਼ ਚੀਰ।
ਖ਼ਰਬੂਜ਼ਾ ਵੀ ਚੀਰ।
ਤਰਬੂਜ਼ ਖਾ, ਖ਼ਰਬੂਜ਼ਾ ਖਾ।



## ਅਭਿਆਸ

1. **ਪੜ੍ਹੋ ਅਤੇ ਸਮਝੋ :**

| | | | | | |
|---|---|---|---|---|---|
| ਚਾਕ | – | ਚਾਕੂ | ਘਰ | – | ਘੂਰ |
| ਝਾੜ | – | ਝਾੜੂ | ਨਰ | – | ਨੂਰ |
| ਦਰੀ | – | ਦੂਰੀ | ਸੁਰ | – | ਸੂਰ |
| ਭਰਾ | – | ਭੂਰਾ | ਸੁਰਮਾ | – | ਸੂਰਮਾ |

2. **ਦੁਲੈਂਕੜ ਮਾਤਰਾ ਦੀ ਵਰਤੋਂ ਕਰਦੇ ਹੋਏ ਹੇਠ ਲਿਖੇ ਅੱਖਰਾਂ ਨਾਲ਼ ਕੋਈ ਅੱਠ ਸ਼ਬਦ ਬਣਾਓ।**

| | | | | | | |
|---|---|---|---|---|---|---|
| ੂ | ਬ | ਚ | ਕ | ਪ | ਲ | ਜ |
| | ਖ | ਰ | ਸ | ਮ | ਬ | ਟ |

ਉਦਾਹਰਨ: ਚਾਕੂ, ਬਾਪੂ ਆਦਿ

........................ ........................ ........................ ........................

........................ ........................ ........................ ........................

ਅਧਿਆਪਕ ਲਈ: ਇਸ ਤਰ੍ਹਾਂ ਹੋਰ ਅੱਖਰ ਦੇ ਕੇ ਬੱਚਿਆਂ ਨੂੰ ਅਭਿਆਸ ਕਰਵਾਓ।

3. **ਦੁਲੈਂਕੜ ਮਾਤਰਾ ਵਾਲ਼ੇ ਸ਼ਬਦਾਂ ਦੀ ਬੋਲ-ਲਿਖਤ:**

........................ ........................ ........................ ........................

........................ ........................ ........................ ........................



**ਪੜ੍ਹੋ**

ਕਬੂਤਰ ਸਕੂਟਰ ਅਮਰੂਦ

ਜਾਦੂਗਰ ਖ਼ੂਨਦਾਨ

# ( ੇ ) ਲਾਂ

| | | | | | |
|---|---|---|---|---|---|
| ਬੇਰ | ਮੇਜ਼ | ਸੇਬ | ਮੇਲਾ | ਸੇਵਾ | ਬੇਰੀ |
| ਢੇਰੀ | ਰੇਤੀ | ਖੇਤੀ | ਕੇਲੇ | ਪੇੜੇ | ਦੀਵੇ |
| ਵੇਲਣਾ | ਦੇਵਤਾ | ਸਲੇਟ | ਕਰੇਲਾ | ਹਨੇਰਾ | ਜਲੇਬੀ |
| ਵਡੇਰਾ | ਸਵੇਰਾ | ਬਨੇਰਾ | ਪਰਦੇ | ਹਵੇਲੀ | ਸਹੇਲੀ |



ਮੇਲੇ ਦਾ ਦਿਨ ਸੀ।
ਹਰਨੇਕ ਮੇਰੇ ਨਾਲ਼ ਮੇਲਾ ਵੇਖਣ ਗਿਆ।
ਉਸ ਨੇ ਸੇਬ ਅਤੇ ਕੇਲੇ ਖ਼ਰੀਦੇ।
ਉਸ ਨੇ ਜਲੇਬੀਆਂ ਤੇ ਪੇੜੇ ਵੀ ਖ਼ਰੀਦੇ।
ਫਿਰ ਝੂਲੇ 'ਤੇ ਝੂਟੇ ਲਏ।
ਨੇੜੇ ਹੀ ਮਦਾਰੀ ਤਮਾਸ਼ਾ ਦਿਖਾ ਰਿਹਾ ਸੀ।
ਤਮਾਸ਼ਾ ਵੇਖ ਕੇ
ਹਰਨੇਕ ਮੇਰੇ ਨਾਲ਼ ਘਰ ਮੁੜ ਆਇਆ।

# ਅਭਿਆਸ



**1. ਪੜ੍ਹੋ ਅਤੇ ਸਮਝੋ :**

| | | | | | |
|---|---|---|---|---|---|
| ਦਰ | – | ਦੇਰ | ਤਾਰ | – | ਤਾਰੇ |
| ਰਲ਼ | – | ਰੇਲ | ਕਲਾ | – | ਕੇਲਾ |
| ਦਸ | – | ਦੇਸ | ਨਕਲ | – | ਨਕੇਲ |
| ਮਜ਼ਾ | – | ਮੇਜ਼ | ਵਤਨ | – | ਵੇਤਨ |

**2. ਤਸਵੀਰ ਦੇਖ ਕੇ ਸ਼ਬਦ ਲਿਖੋ :**






**3. ਲਾਂ ਮਾਤਰਾ ਵਾਲ਼ੇ ਸ਼ਬਦਾਂ ਦੀ ਬੋਲ-ਲਿਖਤ :**




## ਪੜ੍ਹੋ

ਥਾਣੇਦਾਰ ਠੇਕੇਦਾਰ ਸੂਬੇਦਾਰ
ਸੇਵਾਦਾਰ ਪੇਚਕਸ

# ( ੈ ) ਦੁਲਾਵਾਂ

| | | | | | |
|---|---|---|---|---|---|
| ਪੈਰ | ਮੈਚ | ਭੈਣ | ਵੈਦ | ਵੈਰ | ਪੈਸਾ |
| ਥੈਲਾ | ਮੈਦਾ | ਕੈਦੀ | ਵੈਰੀ | ਮੈਲ਼ੀ | ਪੈਲ਼ੀ |
| ਪੈਦਲ | ਐਨਕ | ਮੈਡਮ | ਬੈਠਕ | ਪੈਕਟ | ਮੈਦਾਨ |
| ਹੈਰਾਨ | ਜ਼ੈਬਰਾ | ਕੈਮਰਾ | ਸੈਨਿਕ | ਸਫ਼ੈਦਾ | ਬੈਟਰੀ |



ਐਤਵਾਰ ਦਾ ਦਿਨ ਸੀ।

ਕਰਨੈਲ ਅਪਣੇ ਚਾਚੇ ਨਾਲ਼ ਪੈਲ਼ੀ ਵੇਖਣ ਗਿਆ।

ਕਰਨੈਲ ਦਾ ਭਰਾ ਜਰਨੈਲ ਹਲ਼ ਵਾਹ ਰਿਹਾ ਸੀ।

ਪੈਲ਼ੀ ਦੇ ਚਾਰੇ ਪਾਸੇ ਸਫ਼ੈਦੇ ਸਨ।

ਨੇੜੇ ਹੀ ਟਿਊਬਵੈੱਲ ਚੱਲ ਰਿਹਾ ਸੀ।

ਟਿਊਬਵੈੱਲ ਦੇ ਚੁਬੱਚੇ ਵਿੱਚ ਬੱਚੇ ਤਰ ਰਹੇ ਸਨ।

# ਅਭਿਆਸ



**1.** **ਪੜ੍ਹੋ ਅਤੇ ਸਮਝੋ :**

| | | | | | |
|---|---|---|---|---|---|
| ਪਰ | – | ਪੈਰ | ਕਦੀ | – | ਕੈਦੀ |
| ਸਰ | – | ਸੈਰ | ਮਦਨ | – | ਮੈਦਾਨ |
| ਵਰ | – | ਵੈਰ | ਕਮਰਾ | – | ਕੈਮਰਾ |
| ਮਲ਼ | – | ਮੈਲ਼ | ਫ਼ਸਲ | – | ਫ਼ੈਸਲਾ |

**2.** **ਤਸਵੀਰ ਦੇਖ ਕੇ ਸ਼ਬਦ ਲਿਖੋ :**









**3.** **ਦੁਲਾਵਾਂ ਮਾਤਰਾ ਵਾਲ਼ੇ ਸ਼ਬਦਾਂ ਦੀ ਬੋਲ-ਲਿਖਤ :**



## ਪੜ੍ਹੋ

ਐਤਵਾਰ ਲਾਲਟੈਣ ਨਿਰਵੈਰ

ਸੁਖਚੈਨ ਫ਼ਰਨੈਲ

# ( ੋ ) ਹੋੜਾ

| | | | | | |
|---|---|---|---|---|---|
| ਮੋਰ | ਢੋਲ | ਨੋਟ | ਤੋਤਾ | ਘੋੜਾ | ਮੋਟਾ |
| ਰੋਟੀ | ਸੋਟੀ | ਤੋਰੀ | ਚੋਰੀ | ਬੋਰੀ | ਕੋਟੀ |
| ਬੋਤਲ | ਦੋਸਤ | ਭੋਜਨ | ਬੋਹੜ | ਕਟੋਰੀ | ਸਮੋਸਾ |
| ਸੋਹਣਾ | ਟੋਕਰੀ | ਮੋਰਨੀ | ਲੋਹੜੀ | ਕੋਇਲ | ਰਸੋਈ |



ਮੋਹਨ ਤੇ ਸੋਹਨ ਚਿੜੀਆ-ਘਰ ਦੇਖਣ ਗਏ।
ਚਿੜੀਆ-ਘਰ ਵਿੱਚ ਹਰਨ ਤੇ ਖ਼ਰਗੋਸ਼ ਸਨ।
ਉੱਥੇ ਘੋੜੇ, ਹਾਥੀ ਅਤੇ ਸ਼ੇਰ ਵੀ ਸਨ।
ਤੋਤੇ ਅਤੇ ਚਕੋਰ ਵੀ ਸਨ।
ਇੱਕ ਪਾਸੇ ਮੋਰ ਪੈਲ ਪਾ ਰਿਹਾ ਸੀ।
ਰੁੱਖ ਉੱਤੇ ਕੋਇਲ ਕੂ-ਕੂ ਕਰ ਰਹੀ ਸੀ।
ਦਰਿਆਈ ਘੋੜਾ ਪਾਣੀ ਵਿੱਚ ਬੈਠਾ ਸੀ।
ਮੋਹਨ ਤੇ ਸੋਹਨ ਚਿੜੀਆ-ਘਰ ਦੇਖ ਕੇ ਬਹੁਤ ਖ਼ੁਸ਼ ਹੋਏ।

## ਅਭਿਆਸ



**1. ਪੜ੍ਹੋ ਅਤੇ ਸਮਝੋ :**

| | | | | | |
|---|---|---|---|---|---|
| ਤਲ | – | ਤੋਲ | ਮਟਰ | – | ਮੋਟਰ |
| ਡਰ | – | ਡੋਰ | ਭਜਨ | – | ਭੋਜਨ |
| ਘੜਾ | – | ਘੋੜਾ | ਕਮਲ | – | ਕੋਮਲ |
| ਪਤਾ | – | ਪੋਤਾ | ਦਸਤ | – | ਦੋਸਤ |

**2. ਹੋੜਾ ਮਾਤਰਾ ਲਾਓ ਅਤੇ ਸ਼ਬਦ ਬਣਾਓ :**

ਨਟ ਬਰੀ ਢਲ ਘੜਾ ਮਰ

**3. ਹੋੜਾ ਮਾਤਰਾ ਵਾਲ਼ੇ ਸ਼ਬਦਾਂ ਦੀ ਬੋਲ-ਲਿਖਤ :**



## ਪੜ੍ਹੋ

ਅਖਰੋਟ ਸਰੋਵਰ ਸੋਮਵਾਰ
ਮਨੋਹਰ ਖ਼ਰਗੋਸ਼

# ( ੌ ) ਕਨੌੜਾ

| | | | | | |
|---|---|---|---|---|---|
| ਦੌੜ | ਫ਼ੌਜ | ਚੌਲ਼ | ਪੌਦਾ | ਔਖਾ | ਚੌੜਾ |
| ਕੌਲੀ | ਫ਼ੌਜੀ | ਟੌਫ਼ੀ | ਕੌਫ਼ੀ | ਪੌੜੀ | ਚੌੜੀ |
| ਨੌਕਰ | ਔਰਤ | ਮੌਸਮ | ਚੌਧਰੀ | ਨੌਕਰੀ | ਜੌਹਰੀ |
| ਤੌਲੀਆ | ਹਥੌੜੀ | ਕਚੌਰੀ | ਪਕੌੜਾ | ਲਾਹੌਰ | ਖਿਡੌਣਾ |



ਦੇਖੋ ਫ਼ੌਜੀ ਚਾਚਾ ਆਇਆ।
ਖੇਡਣ ਲਈ ਖਿਡੌਣੇ ਲਿਆਇਆ।
ਖਾਣ ਲਈ ਪਕੌੜੇ ਲਿਆਇਆ।
ਚਮਕੌਰ ਤੇ ਬਖ਼ਤੌਰ ਦੌੜੇ ਆਏ।
ਗੌਰੀ ਵੀ ਸੁਣ ਕੇ ਦੌੜੀ ਆਈ।
ਸਭ ਨੇ ਰਲ਼-ਮਿਲ਼ ਰੌਣਕ ਲਾਈ।



## ਅਭਿਆਸ

**1. ਪੜ੍ਹੋ ਅਤੇ ਸਮਝੋ :**

| | | | | | |
|---|---|---|---|---|---|
| ਘੋਲ਼ | – | ਘੌਲ਼ | ਸਾਦਾ | – | ਸੌਦਾ |
| ਕਣ | – | ਕੌਣ | ਕੜਾ | – | ਕੌੜਾ |
| ਕੜੀ | – | ਕੌੜੀ | ਸ਼ੱਕ | – | ਸ਼ੌਕ |
| ਭਰਾ | – | ਭੌਰਾ | ਆਕੜ | – | ਔਕੜ |

**2. ਕਨੌੜਾ ਮਾਤਰਾ ਲਾਓ ਅਤੇ ਸ਼ਬਦ ਬਣਾਓ :**

ਕੜੀ ਦੜ ਚਲ਼ ਕਣ ਟਫ਼ੀ

**3. ਕਨੌੜਾ ਮਾਤਰਾ ਵਾਲ਼ੇ ਸ਼ਬਦਾਂ ਦੀ ਬੋਲ-ਲਿਖਤ :**



## ਪੜ੍ਹੋ

ਪਸਤੌਲ ਨੌਜਵਾਨ ਹੌਲਦਾਰ
ਚੌਕੀਦਾਰ ਖ਼ਰਗੋਸ਼

# ( ੱ ) ਅਧਕ

| | | | | | |
|---|---|---|---|---|---|
| ਅੱਖ | ਹੱਥ | ਮੱਝ | ਕੱਦ | ਪੱਖਾ | ਰੱਸਾ |
| ਚੱਕੀ | ਵੱਛੀ | ਕੱਚੀ | ਦੁੱਧ | ਪੁੱਤ | ਰੁੱਖ |
| ਲੱਕੜ | ਮੱਛਰ | ਬੱਦਲ਼ | ਛੱਪੜ | ਪੱਥਰ | ਢੱਕਣ |
| ਮਿੱਤਰ | ਤਿੱਤਰ | ਬੱਕਰੀ | ਰੱਖੜੀ | ਫੁੱਫੜ | ਪੁੱਤਰ |



ਸੱਜਣ ਅਤੇ ਗੱਜਣ ਦੋਵੇਂ ਪੱਕੇ ਮਿੱਤਰ ਹਨ।
ਉਹਨਾਂ ਦੇ ਘਰ ਕੋਲ਼ ਇੱਕ ਵੱਡਾ ਛੱਪੜ ਹੈ।
ਬੱਦਲ਼ ਬਰਸਣ ਨਾਲ਼ ਛੱਪੜ ਨੱਕੋ-ਨੱਕ ਭਰ ਜਾਂਦਾ ਹੈ।
ਸੱਜਣ ਅਤੇ ਗੱਜਣ ਦੀਆਂ ਮੱਝਾਂ ਛੱਪੜ ਵਿੱਚ ਤਰ ਰਹੀਆਂ ਹਨ।
ਇਹ ਮੱਝਾਂ ਬਹੁਤ ਦੁੱਧ ਦਿੰਦੀਆਂ ਹਨ।

## ਅਭਿਆਸ

**1. ਪੜ੍ਹੋ ਅਤੇ ਸਮਝੋ :**

| | | | | | |
|---|---|---|---|---|---|
| ਜਗ | – | ਜੱਗ | ਦਸ | – | ਦੱਸ |
| ਭਲਾ | – | ਭੱਲਾ | ਬਦਲ | – | ਬੱਦਲ਼ |
| ਸਤ | – | ਸੱਤ | ਸਤਰ | – | ਸੱਤਰ |
| ਪਤਾ | – | ਪੱਤਾ | ਤਕੜੀ | – | ਤੱਕੜੀ |

**2. ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :**


(ਕਬੱਡੀ, ਚੱਕੀ, ਮਿੱਤਰ)

(ੳ) ਸੱਜਣ ਅਤੇ ਗੱਜਣ ਦੋਵੇਂ ਪੱਕੇ .................... ਹਨ।

(ਅ) ਮੇਰੇ ਪਾਪਾ ਕਣਕ ਪਿਹਾਉਣ ਲਈ .................... ਉੱਤੇ ਗਏ।

(ੲ) ਬੱਚੇ ਮੈਦਾਨ ਵਿੱਚ .................... ਖੇਡ ਰਹੇ ਹਨ।

**3. ਰੰਗ ਭਰੋ**



# ( ਂ ) ਟਿੱਪੀ

| | | | | | |
|---|---|---|---|---|---|
| ਅੰਬ | ਰੰਗ | ਖੰਡ | ਅੰਗ | ਹੰਸ | ਝੰਡਾ |
| ਡੰਡਾ | ਗੰਢਾ | ਪੰਛੀ | ਮੰਜੀ | ਮੰਡੀ | ਘੰਟੀ |
| ਸੰਗਤ | ਜੰਗਲ਼ | ਕੰਬਲ਼ | ਅੰਗੂਰ | ਇੰਜਣ | ਪਿੰਜਰਾ |
| ਸੰਤਰੀ | ਪੰਜਾਬੀ | ਸੁੰਦਰ | ਲੂੰਬੜੀ | ਘੁੰਗਰੂ | ਪੰਘੂੜਾ |



ਅੰਜੂ ਤੇ ਮੰਜੂ ਸਵੇਰੇ ਜਲਦੀ ਉੱਠੀਆਂ।
ਉਹਨਾਂ ਮੂੰਹ ਧੋ-ਕੇ ਦੰਦ ਸਾਫ਼ ਕੀਤੇ।
ਫਿਰ ਉਹ ਅੰਬਾਂ ਦੇ ਬਾਗ਼ ਵਿੱਚ ਗਈਆਂ।
ਦਰਖ਼ਤਾਂ ਉੱਪਰ ਰੰਗ-ਬਰੰਗੇ ਪੰਛੀ ਬੈਠੇ ਸਨ।
ਪੰਛੀਆਂ ਦੀਆਂ ਚੁੰਝਾਂ ਅਤੇ ਖੰਭ ਬਹੁਤ ਸੁੰਦਰ ਸਨ।
ਬਾਗ਼ ਵਿੱਚ ਉਹਨਾਂ ਨੇ ਅੰਬ ਚੂਪੇ ਅਤੇ ਅੰਗੂਰ ਖਾਧੇ।

## ਅਭਿਆਸ



### 1. ਪੜ੍ਹੋ ਅਤੇ ਸਮਝੋ :

| | | | | | |
|---|---|---|---|---|---|
| ਰਗ | – | ਰੰਗ | ਸਤ | – | ਸੰਤ |
| ਘਟਾ | – | ਘੰਟਾ | ਹੱਸ | – | ਹੰਸ |
| ਨਗ | – | ਨੰਗ | ਅੱਗ | – | ਅੰਗ |
| ਬਦ | – | ਬੰਦ | ਬਗਲਾ | – | ਬੰਗਲਾ |

### 2. ਖ਼ਾਲੀ ਥਾਂਵਾਂ ਭਰੋ :

(ਚੁੰਝਾਂ, ਮੰਜੂ, ਅੰਬਾਂ)

(ੳ) ਅੰਜੂ ਅਤੇ .................... ਸਵੇਰੇ ਜਲਦੀ ਉੱਠੀਆਂ।

(ਅ) ਉਹ .................... ਦੇ ਬਾਗ਼ ਵਿੱਚ ਗਈਆਂ।

(ੲ) ਪੰਛੀਆਂ ਦੀਆਂ .................... ਅਤੇ ਖੰਭ ਬਹੁਤ ਸੁੰਦਰ ਸਨ।

### 3. ਟਿੱਪੀ ( ੰ ) ਲਗਾਖਰ ਵਾਲ਼ੇ ਸ਼ਬਦ ਲਿਖ ਕੇ ਉਚਾਰਨ ਕਰੋ :

.................... .................... .................... ....................

.................... .................... .................... ....................

### 4. ਟਿੱਪੀ ਲਗਾਖਰ ਵਾਲ਼ੇ ਸ਼ਬਦਾਂ ਦੀ ਬੋਲ-ਲਿਖਤ :

.................... .................... .................... ....................

.................... .................... .................... ....................

.................... .................... .................... ....................

# ( ਂ ) ਬਿੰਦੀ

| | | | | | |
|---|---|---|---|---|---|
| ਡਾਂਗ | ਆਂਡਾ | ਤਾਰਾਂ | ਕਾਰਾਂ | ਪੀਂਘ | ਮੀਂਹ |
| ਤੀਆਂ | ਗੇਂਦ | ਪੈਂਡਾ | ਕੈਂਚੀ | ਪੈਂਤੀ | ਚੌਂਕ |
| ਬਾਂਦਰ | ਝਾਂਜਰ | ਉਂਗਲ਼ | ਬਰਾਂਡਾ | ਪਰਾਂਦੀ | ਗੁਆਂਢੀ |
| ਛੁੱਟੀਆਂ | ਮੱਖੀਆਂ | ਕੁੜੀਆਂ | ਚੂੜੀਆਂ | ਚਿੜੀਆਂ | ਗਿਆਰਾਂ |



ਸਾਉਣ ਮਹੀਨੇ ਜ਼ੋਰਾਂ ਦਾ ਮੀਂਹ ਪੈਂਦਾ ਹੈ।
ਇਸ ਮਹੀਨੇ ਤੀਆਂ ਲੱਗਦੀਆਂ ਹਨ।
ਕੁੜੀਆਂ ਹੱਥਾਂ ਉੱਤੇ ਮਹਿੰਦੀ ਲਾਉਂਦੀਆਂ ਹਨ।
ਰੰਗ-ਬਰੰਗੀਆਂ ਚੂੜੀਆਂ ਪਾਉਂਦੀਆਂ ਹਨ।
ਪਿੱਪਲ਼ਾਂ ਉੱਤੇ ਪੀਂਘਾਂ ਪਾਉਂਦੀਆਂ ਹਨ।
ਕੁੜੀਆਂ ਪੀਂਘਾਂ ਝੂਟਦੀਆਂ ਹਨ।
ਗਿੱਧਾ ਪਾਉਂਦੀਆਂ ਹਨ।
ਸਭ ਰਲ਼-ਮਿਲ਼ ਖ਼ੁਸ਼ੀ ਮਨਾਉਂਦੀਆਂ ਹਨ।

# ਅਭਿਆਸ



## 1. ਪੜ੍ਹੋ ਅਤੇ ਸਮਝੋ :

| | | | | | |
|---|---|---|---|---|---|
| ਗਾ | – | ਗਾਂ | ਕਿੱਲਾ | – | ਕਿੱਲਾਂ |
| ਬਾਗ਼ | – | ਬਾਂਗ | ਚਾਕ | – | ਚੌਂਕ |
| ਸੌਦਾ | – | ਸੌਂਦਾ | ਜਾਚ | – | ਜਾਂਚ |
| ਸਾਗ | – | ਸਾਂਗ | ਰੁੱਖਾ | – | ਰੁੱਖਾਂ |

## 2. ਖ਼ਾਲੀ ਥਾਂਵਾਂ ਭਰੋ :


(ਪੀਂਘਾਂ, ਚੂੜੀਆਂ, ਕੁੜੀਆਂ)

(ੳ) .................... ਹੱਥਾਂ ਉੱਤੇ ਮਹਿੰਦੀ ਲਾਉਂਦੀਆਂ ਹਨ।

(ਅ) ਰੰਗ–ਬਰੰਗੀਆਂ .................... ਪਾਉਂਦੀਆਂ ਹਨ।

(ੲ) ਪਿੱਪਲ਼ਾਂ ਉੱਤੇ .................... ਪਾਉਂਦੀਆਂ ਹਨ।

## 3. ਰੰਗ ਭਰੋ





# ( ੍ਹ ) ਪੈਰੀਂ ਹਾਹਾ

| | | | |
|---|---|---|---|
| ਕੱਲ੍ਹ | ਹੜ੍ਹ | ਥੜ੍ਹਾ | ਤੀਲ੍ਹਾ |
| ਸਰ੍ਹੋਂ | ਚੜ੍ਹੀ | ਠੇਲ੍ਹਾ | ਜ਼ਿਲ੍ਹਾ |
| ਪੜ੍ਹਨਾ | ਆਲ੍ਹਣਾ | ਗੁੰਨ੍ਹਣਾ | ਮੁੜ੍ਹਕਾ |
| ਕਾੜ੍ਹਨੀ | ਚੜ੍ਹਨਾ | ਮੜ੍ਹਨਾ | ਬੰਨ੍ਹਣਾ |



ਸ਼ਾਮ ਦਾ ਵੇਲ਼ਾ ਹੈ।
ਮਾਂ ਚੁੱਲ੍ਹੇ ਕੋਲ਼ ਪੀੜ੍ਹੀ ਉੱਤੇ ਬੈਠੀ ਹੈ।
ਉਸ ਨੇ ਚੁੱਲ੍ਹੇ ਉੱਤੇ ਸਰ੍ਹੋਂ ਦਾ ਸਾਗ ਰਿੰਨ੍ਹਿਆ।
ਮੱਕੀ ਦੀ ਰੋਟੀ ਵੀ ਪਕਾਈ।
ਨੇੜੇ ਹੀ ਕਾੜ੍ਹਨੀ ਵਿੱਚ ਦੁੱਧ ਕੜ੍ਹ ਰਿਹਾ ਹੈ।
ਮੈਂ ਮੂੜ੍ਹੇ ਉੱਤੇ ਬੈਠਾ ਰੋਟੀ ਖਾ ਰਿਹਾ ਹਾਂ।
ਮੈਨੂੰ ਸਰ੍ਹੋਂ ਦਾ ਸਾਗ ਸੁਆਦ ਲੱਗਦਾ ਹੈ।

## ਅਭਿਆਸ



**1. ਪੜ੍ਹੋ ਅਤੇ ਸਮਝੋ :**

| | |
|---|---|
| ਚਰੀ | ਚਰ੍ਹੀ |
| ਗੱਲ | ਗੱਲ੍ਹ |

| | |
|---|---|
| ਵਰ | ਵਰ੍ਹ |
| ਫੜ | ਫੜ੍ਹ |

**2. ਸ਼ਬਦ-ਜੋੜ ਪੂਰੇ ਕਰੋ :**

ਕਿ + ਲ੍ਹਾ = ....................

ਪੀ + ੜ੍ਹੀ = ....................

ਆ + ਲ੍ਹ + ਣਾ = ....................

ਅ + ਠ + ਪ + ੜ੍ਹ = ....................

**3. ਪੈਰੀਂ ਹਾਹਾ ( ੍ਹ ) ਲਾ ਕੇ ਲਿਖੋ :**

ਚਰੀ – ....................    ਵਰ – ....................

ਗੱਲ – ....................    ਫੜ – ....................

**4. ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :**

1. ਮਾਂ .................... 'ਤੇ ਰੋਟੀ ਪਕਾਉਂਦੀ ਹੈ। (ਚੁੱਲ੍ਹੇ/ਭਾਂਡੇ)
2. ਅਸੀਂ .................... ਦਾ ਸਾਗ ਖਾਧਾ। (ਗੋਭੀ/ਸਰ੍ਹੋਂ)
3. ਮੈਂ .................... ਉੱਤੇ ਬੈਠੀ ਹਾਂ। (ਪੌੜੀ/ਪੀੜ੍ਹੀ)
4. ਗਰਮੀ ਵਿੱਚ ਬੜਾ .................... ਆਉਂਦਾ ਹੈ। (ਮਜ਼ਾ/ਮੁੜ੍ਹਕਾ)

# ( ੍ਰ ) ਪੈਰੀਂ ਰਾਰਾ

| | | | |
|---|---|---|---|
| ਤ੍ਰੇਲ਼ | ਤ੍ਰੇੜ | ਪ੍ਰੈੱਸ | ਗ੍ਰੰਥ |
| ਪ੍ਰਸ਼ਨ | ਪ੍ਰਧਾਨ | ਪ੍ਰਭਾਤ | ਤ੍ਰੇਹਠ |
| ਪ੍ਰਿਥਵੀ | ਪ੍ਰਾਚੀਨ | ਕ੍ਰਿਕਟ | ਪ੍ਰਸਿੱਧ |
| ਪ੍ਰਾਇਮਰੀ | ਅੰਮ੍ਰਿਤਸਰ | ਟ੍ਰੈਕਟਰ | ਟ੍ਰਾਂਜ਼ਿਸਟਰ |



ਵਿਸਾਖੀ ਦਾ ਦਿਨ ਸੀ।

ਹਰਪ੍ਰੀਤ ਅਤੇ ਗੁਰਪ੍ਰੀਤ ਵਿਸਾਖੀ ਦੇਖਣ ਅੰਮ੍ਰਿਤਸਰ ਗਈਆਂ।

ਉਹ ਮਾਤਾ-ਪਿਤਾ ਨਾਲ਼ ਟ੍ਰੈੱਕਟਰ-ਟ੍ਰਾਲੀ ਉੱਤੇ ਬੈਠ ਕੇ ਗਈਆਂ।

ਉਹਨਾਂ ਨੇ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ।

ਫਿਰ ਉਹ ਦੁਰਗਿਆਣਾ ਮੰਦਰ ਗਏ।

ਉਹਨਾਂ ਨੇ ਜੱਲ੍ਹਿਆਂਵਾਲ਼ਾ ਬਾਗ਼ ਵੀ ਦੇਖਿਆ।

ਪ੍ਰਾਰਥਨਾ ਸ਼ੁਰੂ ਹੋਣ ਤੋਂ ਪਹਿਲਾਂ ਸਾਰੇ ਬੱਚੇ ਸਕੂਲ ਪਹੁੰਚ ਗਏ।

# ਅਭਿਆਸ



1. **ਪੜ੍ਹੋ ਅਤੇ ਸਮਝੋ :**

| | |
|---|---|
| ਤੇਲ | ਤ੍ਰੇਲ਼ |
| ਤਹਿ | ਤ੍ਰਹਿ |

| | |
|---|---|
| ਟੱਕ | ਟ੍ਰੱਕ |
| ਕਰਮ | ਕ੍ਰਮ |

2. **ਸ਼ਬਦ-ਜੋੜ ਪੂਰੇ ਕਰੋ :**

ਗ੍ਰੰ + ਥ = ....................

ਟ੍ਰੰ + ਕ = ....................

ਪ੍ਰੈੱ + ਸ = ....................

ਪ੍ਰ + ਸ਼ + ਨ = ....................

3. **ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :**

1. ਗੁਰਦੁਆਰਾ ਹਰਿਮੰਦਰ ਸਾਹਿਬ .................... ਵਿਖੇ ਹੈ। (ਜਲੰਧਰ/ਅੰਮ੍ਰਿਤਸਰ)

2. .................... ਤੋਂ ਪਹਿਲਾਂ ਅਸੀਂ ਖੇਡਦੇ ਹਾਂ। (ਪ੍ਰਾਰਥਨਾ/ਸਵੇਰ)

3. ਸਵੇਰ ਵੇਲ਼ੇ ਘਾਹ ਉੱਤੇ .................... ਪਈ ਹੁੰਦੀ ਹੈ। (ਤੇਲ/ਤ੍ਰੇਲ਼)

4. ਆਟਾ .................... ਵਿੱਚ ਪਿਆ ਹੈ। (ਪੇਟੀ/ਡ੍ਰੰਮ)

## ਜਾਨਵਰਾਂ ਦੇ ਨਾਂ


ਸ਼ੇਰ


ਘੋੜਾ


ਬਾਂਦਰ


ਕੁੱਤਾ


ਊਠ


ਹਾਥੀ


ਬਿੱਲੀ


ਚੀਤਾ

## ਸਬਜ਼ੀਆਂ ਦੇ ਨਾਂ


ਮਟਰ


ਗਾਜਰ


ਗੋਭੀ


ਬੈਂਗਣ


ਟਮਾਟਰ


ਭਿੰਡੀ



ਕਰੇਲਾ



ਪੇਠਾ

# ਰੰਗਾਂ ਦੇ ਨਾਂ



ਲਾਲ


ਪੀਲ਼ਾ



ਹਰਾ


ਨੀਲਾ


ਅਸਮਾਨੀ


ਜਾਮਣੀ


ਸੰਤਰੀ


ਭੂਰਾ

# ਫਲ਼ਾਂ ਦੇ ਨਾਂ


ਸੇਬ


ਅੰਬ


ਸੰਤਰਾ


ਅਨਾਰ


ਅੰਗੂਰ


ਕੇਲਾ


ਪਪੀਤਾ


ਅਨਾਨਾਸ

# ਅਭਿਆਸ



| | | | | | | |
|---|---|---|---|---|---|---|
| ਗਾਂ | ਸੇਬ | ਲਾਲ | ਗੋਭੀ | ਅੰਗੂਰ | ਬਾਂਦਰ | ਆਲੂ |
| ਪੀਲ਼ਾ | ਸੰਤਰੀ | ਹਰਨ | ਗਾਜਰ | ਚੀਤਾ | ਚਿੱਟਾ | ਅਮਰੂਦ |
| ਕੇਲਾ | ਮੂਲ਼ੀ | ਚੀਕੂ | ਮਟਰ | ਕਾਲ਼ਾ | ਹਾਥੀ | ਅੰਬ |
| ਟਮਾਟਰ | ਸ਼ੇਰ | ਜਾਮਣੀ | ਬਿੱਲੀ | ਹਰਾ | ਸੰਤਰਾ | ਬੈਂਗਣ |

**ਉਪਰੋਕਤ ਸ਼ਬਦਾਂ ਵਿੱਚੋਂ ਹੇਠ ਲਿਖੇ ਅਨੁਸਾਰ ਚੋਣ ਕਰੋ :**

| ਰੰਗਾਂ ਦੇ ਨਾਂ | ਫਲ਼ਾਂ ਦੇ ਨਾਂ | ਸਬਜ਼ੀਆਂ ਦੇ ਨਾਂ | ਜਾਨਵਰਾਂ ਦੇ ਨਾਂ |
|---|---|---|---|
| | | | |
| | | | |
| | | | |
| | | | |
| | | | |
| | | | |
| | | | |
| | | | |

# ਆਪਣੇ ਬਾਰੇ

- ਮੇਰਾ ਨਾਂ ................................................ ਹੈ।
- ਮੇਰੇ ਪਿਤਾ ਜੀ ਦਾ ਨਾਂ ................................................ ਹੈ।
- ਮੇਰੇ ਮਾਤਾ ਜੀ ਦਾ ਨਾਂ ................................................ ਹੈ।
- ਮੈਂ ................................................ ਜਮਾਤ ਵਿੱਚ ਪੜ੍ਹਦਾ ਹਾਂ।
- ਮੇਰੀ ਉਮਰ ................................................ ਸਾਲ ਹੈ।
- ਮੇਰੇ ਸਕੂਲ ਦਾ ਨਾਂ ................................................ ਹੈ।
- ਮੈਂ ................................................ ਵਿਖੇ ਰਹਿੰਦਾ ਹਾਂ।।

ਪਾਠ-1

# ਮੇਰੀ ਮਾਂ



ਪਿਆਰੀ-ਪਿਆਰੀ ਮੇਰੀ ਮਾਂ,

ਠੰਢੀ-ਮਿੱਠੀ ਇਸ ਦੀ ਛਾਂ।

ਕਿੰਨਾ ਮੈਨੂੰ ਲਾਡ ਲਡਾਉਂਦੀ,

ਕੁੱਛੜ ਚੁੱਕ-ਚੁੱਕ ਖ਼ੂਬ ਖਿਡਾਉਂਦੀ।

ਲੋਰੀਆਂ ਨਾਲ਼ ਸੁਆਉਂਦੀ ਮੈਨੂੰ,

ਗਾ-ਗਾ ਗੀਤ ਜਗਾਉਂਦੀ ਮੈਨੂੰ।
ਚਿੜੀ, ਕਬੂਤਰ , ਅਹੁ ਏ ਕਾਂ
ਮੁੜ-ਮੁੜ ਦੱਸਿਆ ਇੱਕ-ਇੱਕ ਨਾਂ।
ਜਿਹੜੀ ਹੁੰਦੀ ਰੁੱਖ ਦੀ ਛਾਂ,
ਮਾਂ ਤੋਂ ਗੂੜ੍ਹੀ ਹੁੰਦੀ ਨਾ।





ਮਾਂ ਦਾ ਦੇਣ ਮੈਂ ਕਿਵੇਂ ਚੁਕਾਵਾਂ ?
ਹਰ ਪਲ ਆਪਣਾ ਸੀਸ ਝੁਕਾਵਾਂ।
ਦੱਸੀਆਂ ਮਾਂ ਦੀਆਂ ਚੰਗੀਆਂ ਗੱਲਾਂ
ਉਸ 'ਤੇ ਮੈਂ ਹਰ ਵੇਲ਼ੇ ਚੱਲਾਂ।
ਹਰ ਮਾਂ ਦਾ ਨਾਂ ਹੋਵੇ ਉੱਚਾ,
'ਮਾਂ' ਸ਼ਬਦ ਜਿਉਂ ਡਾਢਾ ਸੁੱਚਾ।

## ਪਾਠ-ਅਭਿਆਸ



**1. ਮੌਖਿਕ ਪ੍ਰਸ਼ਨ :—**

(ੳ) ਤੁਹਾਡੇ ਮਾਤਾ ਜੀ ਦਾ ਕੀ ਨਾਂ ਹੈ ?

(ਅ) ਤੁਹਾਡੇ ਮਾਤਾ ਜੀ ਤੁਹਾਡੇ ਲਈ ਕੀ ਕਰਦੇ ਹਨ ?

(ੲ) ਕੁੱਛੜ ਚੁੱਕ-ਚੁੱਕ ਕੌਣ ਖਿਡਾਉਂਦੀ ਹੈ ?

(ਸ) ਮਾਂ ਕਿਹੜੀਆਂ ਗੱਲਾਂ ਦੱਸਦੀ ਹੈ ?

2. **ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :**

(ੳ) ਕਿੰਨਾ ਮੈਨੂੰ ................ ਲਡਾਉਂਦੀ। ( ਕੁੱਛੜ / ਲਾਡ )

(ਅ) ਜਿਹੜੀ ਹੁੰਦੀ ................ ਦੀ ਛਾਂ। ( ਰੁੱਖ / ਚਿੜੀ )

(ੲ) ਹਰ ਪਲ ਆਪਣਾ ................ ਝੁਕਾਵਾਂ। ( ਸੀਸ / ਲੋਰੀਆਂ )

(ਸ) ਦੱਸੀਆਂ ਮਾਂ ਦੀਆਂ ................ ਗੱਲਾਂ। ( ਚੰਗੀਆਂ / ਮੰਦੀਆਂ )

(ਹ) 'ਮਾਂ' ਸ਼ਬਦ ਜਿਉਂ ਡਾਢਾ ................ । ( ਸੁੱਚਾ / ਉੱਚਾ )


3. **ਸਮਝੋ ਅਤੇ ਲਿਖੋ :**

ਚਿੜੀ = ਚਿੜੀਆਂ

ਲੋਰੀ = ................

ਚੰਗੀ = ................

ਪਿਆਰੀ = ................



4. **ਹੇਠਾਂ ਲਿਖੀਆਂ ਸਤਰਾਂ ਪੂਰੀਆਂ ਕਰੋ :—**

(ੳ) ਪਿਆਰੀ – ਪਿਆਰੀ ਮੇਰੀ ਮਾਂ,

ਠੰਢੀ-ਮਿੱਠੀ ................

(ਅ) ਲੋਰੀਆਂ ਨਾਲ਼ ਸੁਆਂਉਂਦੀ ਮੈਨੂੰ,

ਗਾ-ਗਾ ਗੀਤ ................


5. **ਸੁੰਦਰ ਕਰਕੇ ਲਿਖੋ :—**

ਪਿਆਰੀ-ਪਿਆਰੀ ਮੇਰੀ ਮਾਂ,

ਠੰਢੀ-ਮਿੱਠੀ ਇਸ ਦੀ ਛਾਂ।

7. **ਪਾਠ ਵਿੱਚ ਕੰਨਾ (ਾ) ਮਾਤਰਾ ਵਾਲ਼ੇ ਸ਼ਬਦ ਅਲੱਗ ਕਰ ਕੇ ਲਿਖੋ।**

8. **ਰੰਗ ਭਰੋ:**






ਇਸ ਕਵਿਤਾ ਨੂੰ ਜ਼ਬਾਨੀ ਯਾਦ ਕਰਕੇ ਆਪਣੀ ਜਮਾਤ ਵਿੱਚ ਸੁਣਾਓ।

## ਪਾਠ-2

# ਜਾਗੋ ! ਜਾਗੋ ! ਹੋਇਆ ਸਵੇਰਾ



ਜਾਗੋ ! ਜਾਗੋ ! ਹੋਇਆ ਸਵੇਰਾ,
ਸੂਰਜ ਚੜ੍ਹਿਆ ਮਿਟਿਆ ਹਨੇਰਾ।
ਆਲ੍ਹਣਿਆਂ ਵਿੱਚ ਪੰਛੀ ਜਾਗੇ,
ਰੌਣਕ ਹੋਈ ਲਾਗੇ-ਚਾਗੇ।
ਜਾਗ ਪਿਆ ਹੈ ਚਾਰ-ਚੁਫੇਰਾ,
ਜਾਗੋ ! ਜਾਗੋ ! ਹੋਇਆ ਸਵੇਰਾ।

ਖੇਤਾਂ ਨੂੰ ਚੱਲ ਪਏ ਨੇ ਹਾਲ਼ੀ,
ਪਸ਼ੂਆਂ ਦੇ ਨਾਲ਼ ਤੁਰ ਪਏ ਪਾਲ਼ੀ।
ਚਾਨਣ ਪਾਇਆ ਹਰ ਘਰ ਫੇਰਾ,
ਜਾਗੋ! ਜਾਗੋ! ਹੋਇਆ ਸਵੇਰਾ।





ਠੰਢੀ-ਠੰਢੀ ਹਵਾ ਪਈ ਚੱਲੇ,
ਸੁੱਤੇ ਰਹਿਣਾ ਕਿਹੜੀ ਗੱਲੇ?
ਜਾਗੋ! ਹੁਣ ਸੌਂ ਲਿਆ ਬਥੇਰਾ,
ਜਾਗੋ! ਜਾਗੋ! ਹੋਇਆ ਸਵੇਰਾ।

ਜਿਹੜਾ ਹੁਣ ਤੱਕ ਵੀ ਨਾ ਜਾਗੇ,
ਖ਼ੁਸ਼ੀ ਨਾ ਆਵੇ ਉਸ ਦੇ ਲਾਗੇ।
ਕੰਮ ਕਰੋ, ਨਾ ਕਰੋ ਅਵੇਰਾ,
ਜਾਗੋ! ਜਾਗੋ! ਹੋਇਆ ਸਵੇਰਾ।



## ਪਾਠ-ਅਭਿਆਸ



1. ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :

(ੳ) ਆਲ੍ਹਣਿਆਂ ਵਿੱਚ ਕੌਣ ਜਾਗੇ?

ਸ਼ੇਰ ☐ ਪੰਛੀ ☐ ਖੇਤ ☐

(ਅ) ਖੇਤਾਂ ਨੂੰ ਕੌਣ ਚੱਲ ਪਏ?

ਹਾਲ਼ੀ ☐ ਘੁਮਿਆਰ ☐ ਚੋਰ ☐

**2. ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :**

(ੳ) ਆਲ੍ਹਣਿਆਂ ਵਿੱਚ ---------------- ਜਾਗੇ, (ਪੰਛੀ / ਜਾਨਵਰ)

---------------- ਹੋਈ ਲਾਗੇ-ਚਾਗੇ। (ਰੌਣਕ / ਸਵੇਰਾ)

(ਅ) ਖੇਤਾਂ ਨੂੰ ਚੱਲ ਪਏ ਨੇ ---------------- (ਹਾਲ਼ੀ / ਸਿਪਾਹੀ)

---------------- ਦੇ ਨਾਲ਼ ਤੁਰ ਪਏ ਪਾਲ਼ੀ। (ਪਸ਼ੂਆਂ / ਟ੍ਰੈੱਕਟਰਾਂ)

(ੲ) ਜਾਗੋ ! ਜਾਗੋ ! ਹੋਇਆ ---------------- (ਸਵੇਰਾ / ਹਨੇਰਾ)

---------------- ਚੜ੍ਹਿਆ ਮਿਟਿਆ ਹਨੇਰਾ। (ਸੂਰਜ / ਤਾਰਾ)

**3. ਹੇਠ ਲਿਖੇ ਸ਼ਬਦਾਂ ਦੇ ਜੋੜੇ ਬਣਾਓ, ਜਿਵੇਂਕਿ ਤੀਰ ਦਾ ਨਿਸ਼ਾਨ ਲਾ ਕੇ ਦੱਸਿਆ ਗਿਆ ਹੈ :**

| | |
|---|---|
| ਸਵੇਰਾ | ਚੁਫੇਰਾ |
| ਲਾਗੇ | ਹਨੇਰਾ |
| ਹਾਲ਼ੀ | ਚਾਗੇ |
| ਚਾਰ | ਪਾਲ਼ੀ |

(ਸਵੇਰਾ → ਹਨੇਰਾ)



4. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :


(ੳ) ਸੂਰਜ ਚੜ੍ਹਨ ਨਾਲ਼ ਕੀ ਹੁੰਦਾ ਹੈ?

(ਅ) ਸਵੇਰ ਸਮੇਂ ਹਵਾ ਕਿਹੋ-ਜਿਹੀ ਹੁੰਦੀ ਹੈ?

5. ਸੁੰਦਰ ਕਰ ਕੇ ਲਿਖੋ :

ਜਾਗੋ! ਹੁਣ ਸੌਂ ਲਿਆ ਬਥੇਰਾ,
ਜਾਗੋ! ਜਾਗੋ! ਹੋਇਆ ਸਵੇਰਾ।

6. ਰੰਗ ਭਰੋ :



ਪਾਠ-3

# ਮਨ ਦਾ ਡਰ

ਰਾਤ ਦਾ ਸਮਾਂ ਸੀ।

ਬਾਲਕ ਮੋਹਨਦਾਸ ਕਮਰੇ ਵਿੱਚ ਇਕੱਲਾ ਪੜ੍ਹ ਰਿਹਾ ਸੀ।

ਬਾਹਰ ਤੇਜ਼ ਹਵਾ ਚੱਲ ਰਹੀ ਸੀ।

ਹਵਾ ਨਾਲ਼ ਕਮਰੇ ਦੀ ਲਾਲਟੈਣ ਬੁਝ ਗਈ।

ਮੋਹਨਦਾਸ ਨੇ ਇੱਧਰ-ਉੱਧਰ ਦੇਖਿਆ। ਉਸ ਨੂੰ ਹਨੇਰੇ ਵਿੱਚ ਕੁਝ ਚਮਕਦਾ ਦਿਖਾਈ ਦਿੱਤਾ।

ਉਸ ਨੂੰ ਇਸ ਤਰ੍ਹਾਂ ਲੱਗਿਆ ਕਿ ਖਿੜਕੀ ਕੋਲ਼ ਕੋਈ ਖੜ੍ਹਾ ਹੈ।

ਮੋਹਨਦਾਸ ਨੇ ਡਰ ਕੇ ਚੀਕ ਮਾਰੀ, "ਭੂਤ-ਭੂਤ!" ਉਹ ਕਮਰੇ ਵਿੱਚੋਂ ਬਾਹਰ ਵੱਲ ਭੱਜਿਆ।

ਮੋਹਨਦਾਸ ਨੂੰ ਬਰਾਂਡੇ ਵਿੱਚ ਘਰ ਦੀ ਨੌਕਰਾਣੀ ਰੰਭਾ ਮਿਲ਼ ਪਈ।

ਉਸ ਨੇ ਪੁੱਛਿਆ, "ਮੋਹਨ! ਕੀ ਗੱਲ ਹੈ? ਤੂੰ ਭੱਜ ਕਿਉਂ ਰਿਹਾ ਏਂ?"

"ਰੰਭਾ ਮਾਈ -----! ਭੂਤ!", ਉਸ ਨੇ ਦੱਸਿਆ।





ਰੰਭਾ ਹੱਸਣ ਲੱਗ ਪਈ, "ਮੋਹਨ ! ਚੱਲ, ਮੇਰੇ ਨਾਲ਼ ਤੁਰ।"
ਦੋਵੇਂ ਕਮਰੇ ਵਿੱਚ ਆ ਗਏ।
ਰੰਭਾ ਨੇ ਲਾਲਟੈਣ ਜਗਾਈ।
"ਮੋਹਨ ! ਦਿਖਾ ਕਿੱਥੇ ਐ, ਭੂਤ ?"
ਕਮਰੇ ਵਿੱਚ ਬਿੱਲੀ ਬੈਠੀ ਸੀ।
ਚਮਕਦੀ ਹੋਈ ਚੀਜ਼ ਬਿੱਲੀ ਦੀਆਂ ਅੱਖਾਂ ਹੀ ਸਨ।
ਰੰਭਾ ਨੇ ਬਿੱਲੀ ਨੂੰ ਉੱਥੋਂ ਭਜਾ ਦਿੱਤਾ।
ਉੱਥੇ ਖਿੜਕੀ ਕੋਲ਼ ਕੱਪੜੇ ਟੰਗੇ ਹੋਏ ਸਨ।

ਹਨੇਰੇ ਵਿੱਚ ਕੱਪੜੇ ਹਿੱਲ ਰਹੇ ਸਨ। ਇਸ ਤਰ੍ਹਾਂ ਲੱਗਦਾ ਸੀ, ਜਿਵੇਂ ਕੋਈ ਆਦਮੀ ਖੜ੍ਹਾ ਹੋਵੇ। ਰੰਭਾ ਨੇ ਕੱਪੜੇ ਪਰ੍ਹਾਂ ਰੱਖ ਦਿੱਤੇ।

ਰੰਭਾ ਬੋਲੀ, "ਮੋਹਨ ! ਲੈ, ਭੱਜ ਗਿਐ, ਭੂਤ।"

ਮੋਹਨਦਾਸ ਨੂੰ ਪਤਾ ਲੱਗ ਗਿਆ ਕਿ ਕਿਧਰੇ ਕੋਈ ਭੂਤ ਨਹੀਂ ਹੁੰਦਾ। ਭੂਤ ਮਨ ਦਾ ਡਰ ਹੁੰਦਾ ਹੈ।

ਬੱਚਿਓ ! ਕੀ ਤੁਸੀਂ ਜਾਣਦੇ ਹੋ ਕਿ ਇਹ ਬਾਲਕ ਕੌਣ ਸੀ ?

ਇਸ ਬਾਲਕ ਦਾ ਪੂਰਾ ਨਾਂ ਮੋਹਨਦਾਸ ਕਰਮਚੰਦ ਗਾਂਧੀ ਸੀ। ਇਸ ਬਾਲਕ ਨੂੰ ਹੁਣ ਅਸੀਂ ਮਹਾਤਮਾ ਗਾਂਧੀ ਦੇ ਨਾਂ ਨਾਲ਼ ਜਾਣਦੇ ਹਾਂ।

## ਪਾਠ-ਅਭਿਆਸ



1. **ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

(ੳ) **ਕਿਸ ਦੇ ਬਚਪਨ ਦਾ ਨਾਂ ਮੋਹਨਦਾਸ ਸੀ ?**

ਮਹਾਤਮਾ ਬੁੱਧ ☐ ਮਹਾਤਮਾ ਗਾਂਧੀ ☐ ਲਾਲ ਲਾਜਪਤ ਰਾਏ ☐

(ਅ) **ਖਿੜਕੀ ਕੋਲ਼ ਕੀ ਟੰਗਿਆ ਹੋਇਆ ਸੀ ?**

ਘੰਟੀ ☐ ਬਾਲਟੀ ☐ ਲਾਲਟੈਣ ☐

2. **ਹੇਠ ਲਿਖੇ ਵਾਕਾਂ ਦੇ ਸਾਮ੍ਹਣੇ ਦਿੱਤੇ ਖ਼ਾਨੇ ਵਿੱਚ ਠੀਕ (✓) ਜਾਂ ਗ਼ਲਤ (x) ਦਾ ਨਿਸ਼ਾਨ ਲਾਓ :**

(ੳ) ਬਾਲਕ ਮੋਹਨਦਾਸ ਕਮਰੇ ਵਿੱਚ ਸੁੱਤਾ ਪਿਆ ਸੀ। ☐

(ਅ) ਹਵਾ ਨਾਲ਼ ਕਮਰੇ ਦੀ ਲਾਲਟੈਣ ਬੁਝ ਗਈ। ☐

(ੲ) ਬਿੱਲੀ ਦੀਆਂ ਅੱਖਾਂ ਚਮਕ ਰਹੀਆਂ ਸਨ। ☐

(ਸ) ਸੋਹਣੇ ਕਬੂਤਰ ਉਡਾਰੀ ਲਾਉਂਦੇ ਹਨ। ☐

(ਹ) ਖਿੜਕੀ ਕੋਲ਼ ਡੋਰ ਟੰਗੀ ਹੋਈ ਸੀ। ☐

(ਕ) ਕਿਧਰੇ ਕੋਈ ਭੂਤ ਨਹੀਂ ਹੁੰਦਾ। ☐

3. **ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :**

(ੳ) .................. ਹੱਸਣ ਲੱਗ ਪਈ। ( ਰੰਭਾ / ਭੂਤ)

(ਅ) ਰੰਭਾ ਨੇ .................. ਜਗਾਈ। ( ਲਾਲਟੈਣ / ਮੋਮਬੱਤੀ )

(ੲ) ਕਮਰੇ ਵਿੱਚ .................. ਬੈਠੀ ਸੀ। ( ਬਿੱਲੀ / ਭੂਤ )

(ਸ) ਹਨੇਰੇ ਵਿੱਚ .................... ਹਿੱਲ ਰਹੇ ਸਨ। ( ਕੱਪੜੇ / ਰੁੱਖ )

(ਹ) .................... ਮਨ ਦਾ ਡਰ ਹੁੰਦਾ ਹੈ। ( ਆਦਮੀ / ਭੂਤ )

## 4. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :

(ੳ) ਤੇਜ਼ ਹਵਾ ਚੱਲਣ ਨਾਲ਼ ਕਮਰੇ ਵਿੱਚ ਕੀ ਹੋਇਆ ?

..........................................................................................

(ਅ) ਮੋਹਨਦਾਸ ਨੂੰ ਬਰਾਂਡੇ ਵਿੱਚ ਕੌਣ ਮਿਲ਼ਿਆ ?

..........................................................................................

(ੲ) ਮੋਹਨਦਾਸ ਨੇ ਡਰ ਕੇ ਰੌਲ਼ਾ ਪਾਉਂਦੇ ਹੋਏ ਕੀ ਕਿਹਾ ?

..........................................................................................

## 5. ਸਮਝੋ ਅਤੇ ਲਿਖੋ :

ਕਮਰਾ : ਕਮਰੇ

ਹਨੇਰਾ : ....................

ਕੱਪੜਾ : ....................

ਬਰਾਂਡਾ : ....................



ਨੌਕਰਾਣੀ : ਨੌਕਰਾਣੀਆਂ

ਖਿੜਕੀ : ____________

ਬਿੱਲੀ : ____________

6. ਪਾਠ ਵਿੱਚ ਆਏ ਲਾਂ ( ੇ ) ਮਾਤਰਾ ਵਾਲ਼ੇ ਸ਼ਬਦ ਲਿਖੋ :

____________ ____________ ____________ ____________

____________ ____________ ____________ ____________

7. ਸੁੰਦਰ ਕਰਕੇ ਲਿਖੋ :

ਕਿਧਰੇ ਕੋਈ ਭੂਤ ਨਹੀਂ ਹੁੰਦਾ।

ਭੂਤ ਮਨ ਦਾ ਡਰ ਹੁੰਦਾ ਹੈ।



____________________________________________

____________________________________________



ਅਧਿਆਪਕ ਵਿਦਿਆਰਥੀਆਂ ਨੂੰ ਭੂਤਾਂ ਸੰਬੰਧੀ ਵਹਿਮ ਦੂਰ ਕਰਨ ਸੰਬੰਧੀ ਪ੍ਰੇਰਿਤ ਕਰੇ।

ਪਾਠ-4

# ਇੱਕ ਸੀ ਸ਼ੇਖ਼ਚਿਲੀ




ਇੱਕ ਦਿਨ ਸ਼ੇਖ਼ਚਿਲੀ ਬਜ਼ਾਰ ਵਿੱਚ ਜਾ ਰਿਹਾ ਸੀ। ਬਜ਼ਾਰ ਵਿੱਚ ਇੱਕ ਆਦਮੀ ਖੜ੍ਹਾ ਸੀ ਜਿਸ ਕੋਲ਼ ਇੱਕ ਘੜਾ ਸੀ। ਉਹ ਆਦਮੀ ਕਿਸੇ ਨੂੰ ਲੱਭ ਰਿਹਾ ਸੀ ਜਿਹੜਾ ਰੁਪਈਆ ਲੈ ਕੇ ਉਸ ਦਾ ਘੜਾ ਚੁੱਕ ਦੇਵੇ। ਸ਼ੇਖ਼ਚਿਲੀ ਇਸ ਕੰਮ ਲਈ ਤਿਆਰ ਹੋ ਗਿਆ। ਸ਼ੇਖ਼ਚਿਲੀ ਘੜੇ ਨੂੰ ਸਿਰ ਉੱਤੇ ਰੱਖ ਕੇ ਉਸ ਦੇ ਪਿੱਛੇ-ਪਿੱਛੇ ਚੱਲ ਪਿਆ। ਉਸ ਨੇ ਸੋਚਿਆ, "ਮੈਨੂੰ ਇੱਕ ਰੁਪਈਆ ਮਿਲ਼ੇਗਾ। ਇਸ ਰੁਪਏ ਦੀ ਮੈਂ ਮੁਰਗ਼ੀ ਖ਼ਰੀਦਾਂਗਾ।"

ਜਦ ਉਹ ਮੁਰਗ਼ੀ ਚੂਚੇ ਦੇਵੇਗੀ ਤਾਂ ਉਹਨਾਂ ਸਾਰਿਆਂ ਨੂੰ ਵੇਚ ਕੇ ਇੱਕ ਬੱਕਰੀ ਲਵਾਂਗਾ।

ਫਿਰ ਉਹ ਬੱਕਰੀ ਮੇਮਣੇ ਦੇਵੇਗੀ।

ਉਹਨਾਂ ਮੇਮਣਿਆਂ ਨੂੰ ਵੇਚ ਕੇ ਇੱਕ ਗਊ ਲਵਾਂਗਾ।

ਫਿਰ ਉਹ ਗਊ ਵੱਛੇ-ਵੱਛੀਆਂ ਦੇਵੇਗੀ।

ਫਿਰ ਮੈਂ ਉਹਨਾਂ ਨੂੰ ਵੇਚ ਕੇ ਇੱਕ ਮੱਝ ਖ਼ਰੀਦਾਂਗਾ।

ਉਹ ਮੱਝ ਕੱਟੇ-ਕੱਟੀਆਂ ਦੇਵੇਗੀ।

ਫਿਰ ਮੈਂ ਉਹਨਾਂ ਸਾਰਿਆਂ ਨੂੰ ਵੇਚ ਕੇ ਇੱਕ ਘੋੜੀ ਲਵਾਂਗਾ।

ਉਹ ਘੋੜੀ ਵੀ ਵਛੇਰੇ-ਵਛੇਰੀਆਂ ਦੇਵੇਗੀ ਤਾਂ ਮੈਂ ਉਹਨਾਂ ਨੂੰ ਵੇਚ ਕੇ ਆਪਣਾ ਵਿਆਹ ਕਰਵਾਵਾਂਗਾ।

ਮੇਰੀ ਪਤਨੀ ਮੇਰੇ ਘਰ ਆਵੇਗੀ।

ਮੇਰੇ ਘਰ ਬੱਚੇ ਹੋਣਗੇ।ਮੇਰਾ ਪਰਿਵਾਰ ਵਧੇਗਾ।

ਫਿਰ ਮੈਂ ਆਪਣੇ ਬੈਠਣ ਲਈ ਇੱਕ ਬੈਠਕ ਬਣਵਾਵਾਂਗਾ।

ਮੈਂ ਬੈਠਕ ਵਿੱਚ ਬੈਠਾ ਹੋਵਾਂਗਾ।

ਏਨੇ ਨੂੰ ਮੇਰਾ ਲੜਕਾ ਮੇਰੇ ਕੋਲ਼ ਆਵੇਗਾ।

ਉਹ ਕਹੇਗਾ, "ਬਾਪੂ ਜੀ ! ਰੋਟੀ ਖਾ ਲਓ।"

ਮੈਂ ਉਦੋਂ ਕੰਮ ਵਿੱਚ ਰੁੱਝਿਆ ਹੋਵਾਂਗਾ।

ਮੈਂ ਉਸ ਨੂੰ ਗ਼ੁੱਸੇ ਵਿੱਚ ਬੋਲਾਂਗਾ------

"ਚੱਲ ! ਪਰੇ ਹਟ------- !"



ਇਹ ਕਹਿੰਦਿਆਂ ਹੀ ਘੜਾ ਸਿਰ ਤੋਂ ਡਿਗ ਪਿਆ ਤੇ ਟੁੱਟ ਗਿਆ। ਘੜੇ ਦਾ ਮਾਲਕ ਰੋਣ ਲੱਗ ਪਿਆ। ਤਦ ਸ਼ੇਖ਼ਚਿਲੀ ਬੋਲਿਆ, "ਤੂੰ ਤਾਂ ਇੱਕ ਘੜੇ ਲਈ ਰੋਂਦਾ ਹੈਂ ...ਦੇਖ, ਮੇਰਾ ਤਾਂ ਸਾਰਾ ਟੱਬਰ ਹੀ ਰੁੜ੍ਹ ਗਿਆ...ਮੈਂ ਕੀ ਕਰਾਂ ?"

## ਪਾਠ-ਅਭਿਆਸ



**1. ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

(ਬ) **ਸ਼ੇਖ਼ਚਿਲੀ ਕਿੱਥੇ ਜਾ ਰਿਹਾ ਸੀ ?**

ਪਿੰਡ ☐ ਬਜ਼ਾਰ ☐ ਖੇਤ ☐

(ਭ) **ਸ਼ੇਖ਼ਚਿਲੀ ਨੇ ਰੁਪਈਏ ਦਾ ਕੀ ਖ਼ਰੀਦਣ ਬਾਰੇ ਸੋਚਿਆ ?**

ਮੁਰਗ਼ੀ ☐ ਬੱਕਰੀ ☐ ਗਊ ☐

(ੲ) **ਸ਼ੇਖ਼ਚਿਲੀ ਆਪਣੇ ਬੈਠਣ ਲਈ ਕੀ ਬਣਾਉਣ ਬਾਰੇ ਸੋਚ ਰਿਹਾ ਸੀ ?**

ਪੀੜ੍ਹੀ ☐ ਮੰਜਾ ☐ ਬੈਠਕ ☐

2. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :

(ੳ) ਇੱਕ ਦਿਨ ਸ਼ੇਖ਼ਚਿਲੀ ਕਿੱਥੇ ਜਾ ਰਿਹਾ ਸੀ ?

(ਅ) ਸ਼ੇਖ਼ਚਿਲੀ ਸਭ ਤੋਂ ਪਹਿਲਾਂ ਰੁਪਏ ਦਾ ਕੀ ਲੈਣ ਬਾਰੇ ਸੋਚਦਾ ਹੈ ?

(ੲ) ਸ਼ੇਖ਼ਚਿਲੀ ਨੇ ਵੱਛੇ-ਵੱਛੀਆਂ ਵੇਚ ਕੇ ਕੀ ਲੈਣ ਬਾਰੇ ਸੋਚਿਆ ?

(ਸ) ਘੜੇ ਦਾ ਮਾਲਕ ਕਿਉਂ ਰੋਣ ਲੱਗ ਪਿਆ ?

3. ਸਮਝੋ ਅਤੇ ਲਿਖੋ :

ਮੁਰਗਾ – ਮੁਰਗੀ

ਵੱਛੀ –

ਬੱਕਰੀ –


ਲੜਕੀ –

ਘੋੜੀ –



**4. ਹੇਠ ਲਿਖੇ ਸ਼ਬਦਾਂ ਦੇ ਜੋੜੇ ਬਣਾਓ, ਜਿਵੇਂ ਕਿ ਤੀਰ ਦਾ ਨਿਸ਼ਾਨ ਲਾ ਕੇ ਦੱਸਿਆ ਗਿਆ ਹੈ :**

| | |
|---|---|
| ਮੁਰਗ਼ੀ | ਵਛੇਰੇ–ਵਛੇਰੀਆਂ |
| ਬੱਕਰੀ | ਕੱਟੇ–ਕੱਟੀਆਂ |
| ਗਊ | ਚੂਚੇ |
| ਮੱਝ | ਮੇਮਣੇ |
| ਘੋੜੀ | ਵੱਛੇ–ਵੱਛੀਆਂ |




**6. ਪਾਠ ਵਿੱਚੋਂ ਸਿਹਾਰੀ ਅਤੇ ਬਿਹਾਰੀ ਵਾਲ਼ੇ ਅੱਠ-ਅੱਠ ਸ਼ਬਦ ਅਲੱਗ ਕਰ ਕੇ ਲਿਖੋ :**



ਜੇਕਰ ਤੁਹਾਨੂੰ ਪੰਜਾਹ ਰੁਪਏ ਦਿੱਤੇ ਜਾਣ ਤਾਂ ਤੁਸੀਂ ਉਹਨਾਂ ਦਾ ਕੀ ਕਰੋਗੇ ?

ਪਾਠ-5

# ਕੀੜੀ ਤੇ ਹਾਥੀ



ਕੀੜੀ ਦੇ ਘਰ
ਹਾਥੀ ਆਇਆ।
ਲੱਡੂਆਂ ਦਾ ਭਰ,
ਥਾਲ਼ ਲਿਆਇਆ।

ਪੀਲ਼ੇ-ਪੀਲ਼ੇ,
ਲੱਡੂ ਮਿੱਠੇ।
ਐਨਕ ਲਾ ਕੇ,
ਕੀੜੀ ਡਿੱਠੇ।

ਥਾਲ਼ ਨੂੰ ਲੈ ਕੇ,
ਕੀੜੀ ਨੱਸੀ।
ਕੀੜੀਆਂ ਨੂੰ ਉਸ,
ਗੱਲ ਜਾ ਦੱਸੀ।

ਕੀੜੀਆਂ ਰਲ਼ ਕੇ,
ਖਾਧੇ ਲੱਡੂ।
ਤੱਕਦੇ ਰਹਿ ਗਏ,
ਬੈਠੇ ਡੱਡੂ।

ਲੱਡੂ ਖਾ ਕੇ,
ਥਾਲ਼ੀ ਮੋੜੀ।
ਕੀੜੀ ਨੇ ਇੱਕ,
ਕਵਿਤਾ ਜੋੜੀ।

"ਘਰ ਅਸਾਡੇ,
ਜਦ ਵੀ ਆਓ।
ਮਿੱਠੇ-ਮਿੱਠੇ,
ਲੱਡੂ ਲਿਆਓ।"

ਕਵਿਤਾ ਸੁਣ ਕੇ,
ਹਾਥੀ ਹੱਸੇ।
ਇੱਧਰ-ਉੱਧਰ,
ਕੀੜੀ ਨੱਸੇ।

ਹਾਥੀ ਸੁੰਡ,
ਹਿਲਾਈ ਜਾਏ।
ਕੀੜੀ ਗਿੱਧਾ,
ਪਾਈ ਜਾਏ।

## ਪਾਠ-ਅਭਿਆਸ



**1. ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

(ਚ) **ਕੀੜੀ ਦੇ ਘਰ ਕੌਣ ਆਇਆ ?**

ਸ਼ੇਰ ☐ ਡੱਡੂ ☐ ਹਾਥੀ ☐

(ਛ) **ਕੀੜੀਆਂ ਨੇ ਰਲ਼ ਕੇ ਕੀ ਖਾਧੇ ?**

ਸੇਬ ☐ ਲੱਡੂ ☐ ਡੱਡੂ ☐

**2. ਹੇਠਾਂ ਲਿਖੀਆਂ ਸਤਰਾਂ ਪੂਰੀਆਂ ਕਰੋ :**

(ੳ) ਕੀੜੀ ਦੇ ਘਰ,

.................... ਆਇਆ।

ਲੱਡੂਆਂ ਦਾ ਭਰ,

.................... ਲਿਆਇਆ।

(ਅ) ਕੀੜੀਆਂ ਰਲ਼ ਕੇ,

ਖਾਧੇ ....................

ਤੱਕਦੇ ਰਹਿ ਗਏ,

ਬੈਠੇ ....................



(ੲ) ਹਾਥੀ ਸੁੰਡ,

ਹਿਲਾਈ ..................

ਕੀੜੀ ਗਿੱਧਾ,

ਪਾਈ ..................




**3. ਸੁੰਦਰ ਕਰ ਕੇ ਲਿਖੋ :**

"ਘਰ ਅਸਾਡੇ ਜਦ ਵੀ ਆਓ,

ਮਿੱਠੇ-ਮਿੱਠੇ ਲੱਡੂ ਲਿਆਓ।"

**4. ਰੰਗ ਭਰੋ**





ਇਸ ਕਵਿਤਾ ਨੂੰ ਜ਼ਬਾਨੀ ਯਾਦ ਕਰ ਕੇ ਆਪਣੀ ਜਮਾਤ ਵਿੱਚ ਸੁਣਾਓ।

ਪਾਠ-6

# ਚਿੜੀ ਤੇ ਪਿੱਪਲ਼



ਇੱਕ ਸੀ ਚਿੜੀ। ਚਿੜੀ ਨੂੰ ਬੜੀ ਭੁੱਖ ਲੱਗੀ ਸੀ। ਉਹ ਆਪਣੇ ਖਾਣ ਲਈ ਕੁਝ ਲੱਭਣ ਲੱਗੀ। ਲੱਭਦਿਆਂ-ਲੱਭਦਿਆਂ ਉਸ ਨੂੰ ਇੱਕ ਦਾਣਾ ਲੱਭ ਗਿਆ। ਉਹ ਪਿੱਪਲ਼ ਦੇ ਰੁੱਖ ਉੱਤੇ ਬੈਠ ਕੇ ਦਾਣਾ ਖਾਣ ਲੱਗੀ। ਦਾਣਾ ਪਿੱਪਲ਼ ਦੀ ਖੁੱਡ ਵਿੱਚ ਡਿਗ ਪਿਆ। ਚਿੜੀ ਨੇ ਪਿੱਪਲ਼ ਨੂੰ ਕਿਹਾ 'ਪਿੱਪਲ਼ਾ! ਪਿੱਪਲ਼ਾ! ਦਾਣਾ ਦੇ।' ਪਿੱਪਲ਼ ਬੋਲਿਆ, "ਨਹੀਂ ਦਿੰਦਾ।"

ਪਿੱਪਲ਼ ਦਾਣਾ ਦੇਵੇ ਨਾ,
ਚਿੜੀ ਵਿਚਾਰੀ ਕੀ ਕਰੇ?
ਠੰਢਾ ਪਾਣੀ ਪੀ ਮਰੇ?
ਨਹੀਂ, ਆਪਣੀ ਕੋਸ਼ਸ਼ ਹੋਰ ਕਰੇ।

ਚਿੜੀ ਅੱਗ ਕੋਲ਼ ਗਈ। ਉਸ ਨੇ ਅੱਗ ਨੂੰ ਕਿਹਾ, 'ਅੱਗ! ਅੱਗ! ਪਿੱਪਲ਼ ਨੂੰ ਸਾੜ ਦੇ।' ਅੱਗ ਨੇ ਕਿਹਾ, "ਮੈਂ ਨਹੀਂ ਸਾੜਦੀ।"

ਅੱਗ ਪਿੱਪਲ਼ ਨੂੰ ਸਾੜੇ ਨਾ,

ਪਿੱਪਲ਼ ਦਾਣਾ ਦੇਵੇ ਨਾ,



ਚਿੜੀ ਵਿਚਾਰੀ ਕੀ ਕਰੇ?

ਠੰਢਾ ਪਾਣੀ ਪੀ ਮਰੇ?

ਨਹੀਂ, ਆਪਣੀ ਕੋਸ਼ਸ ਹੋਰ ਕਰੇ।

ਹੁਣ ਚਿੜੀ ਪਾਣੀ ਕੋਲ਼ ਗਈ। ਉਸ ਨੇ ਪਾਣੀ ਨੂੰ ਕਿਹਾ, 'ਪਾਣੀ ! ਪਾਣੀ ! ਅੱਗ ਬੁਝਾ ਦੇ।' ਪਾਣੀ ਕਹਿੰਦਾ, "ਮੈਂ ਨਹੀਂ ਬੁਝਾਉਂਦਾ।"

ਪਾਣੀ ਅੱਗ ਬੁਝਾਵੇ ਨਾ,

ਅੱਗ ਪਿੱਪਲ਼ ਨੂੰ ਸਾੜੇ ਨਾ,



ਪਿੱਪਲ਼ ਦਾਣਾ ਦੇਵੇ ਨਾ,

ਚਿੜੀ ਵਿਚਾਰੀ ਕੀ ਕਰੇ?

ਠੰਢਾ ਪਾਣੀ ਪੀ ਮਰੇ?

ਨਹੀਂ, ਆਪਣੀ ਕੋਸ਼ਸ਼ ਹੋਰ ਕਰੇ।

ਚਿੜੀ ਫਿਰ ਹਾਥੀ ਕੋਲ਼ ਗਈ। ਉਸ ਨੇ ਹਾਥੀ ਨੂੰ ਕਿਹਾ, 'ਹਾਥੀ ! ਹਾਥੀ ! ਪਾਣੀ ਨੂੰ ਪੀ ਜਾ।' ਹਾਥੀ ਨੇ ਕਿਹਾ, "ਮੈਂ ਨਹੀਂ ਪੀਂਦਾ।"

ਹਾਥੀ ਪਾਣੀ ਪੀਵੇ ਨਾ,



ਪਾਣੀ ਅੱਗ ਬੁਝਾਵੇ ਨਾ,


ਅੱਗ ਪਿੱਪਲ਼ ਨੂੰ ਸਾੜੇ ਨਾ,

ਪਿੱਪਲ਼ ਦਾਣਾ ਦੇਵੇ ਨਾ,

ਚਿੜੀ ਵਿਚਾਰੀ ਕੀ ਕਰੇ?
ਠੰਢਾ ਪਾਣੀ ਪੀ ਮਰੇ?
ਨਹੀਂ, ਆਪਣੀ ਕੋਸ਼ਸ਼ ਹੋਰ ਕਰੇ।


ਫਿਰ ਚਿੜੀ ਰੱਸੇ ਕੋਲ਼ ਗਈ। ਉਸ ਨੇ ਰੱਸੇ ਨੂੰ ਕਿਹਾ, 'ਰੱਸਿਆ! ਰੱਸਿਆ! ਹਾਥੀ ਨੂੰ ਬੰਨ੍ਹ ਦੇ।' ਰੱਸੇ ਨੇ ਕਿਹਾ, "ਮੈਂ ਨਹੀਂ ਬੰਨ੍ਹਦਾ।"

ਰੱਸਾ ਹਾਥੀ ਬੰਨ੍ਹੇ ਨਾ,
ਹਾਥੀ ਪਾਣੀ ਪੀਵੇ ਨਾ,
ਪਾਣੀ ਅੱਗ ਬੁਝਾਵੇ ਨਾ,
ਅੱਗ ਪਿੱਪਲ਼ ਨੂੰ ਸਾੜੇ ਨਾ,
ਪਿੱਪਲ਼ ਦਾਣਾ ਦੇਵੇ ਨਾ,
ਚਿੜੀ ਵਿਚਾਰੀ ਕੀ ਕਰੇ?
ਠੰਢਾ ਪਾਣੀ ਪੀ ਮਰੇ?
ਨਹੀਂ, ਆਪਣੀ ਕੋਸ਼ਸ਼ ਹੋਰ ਕਰੇ।



ਫਿਰ ਚਿੜੀ ਚੂਹੇ ਕੋਲ਼ ਗਈ। ਉਸ ਨੇ ਚੂਹੇ ਨੂੰ ਕਿਹਾ, 'ਚੂਹੇ! ਚੂਹੇ! ਰੱਸੇ ਨੂੰ ਕੁਤਰ ਦੇ।' ਚੂਹਾ ਕਹਿੰਦਾ, "ਮੈਂ ਰੱਸੇ ਨੂੰ ਨਹੀਂ ਕੁਤਰਦਾ।"

ਚੂਹਾ ਰੱਸਾ ਕੁਤਰੇ ਨਾ,
ਰੱਸਾ ਹਾਥੀ ਬੰਨ੍ਹੇ ਨਾ,
ਹਾਥੀ ਪਾਣੀ ਪੀਵੇ ਨਾ,
ਪਾਣੀ ਅੱਗ ਬੁਝਾਵੇ ਨਾ,
ਅੱਗ ਪਿੱਪਲ਼ ਨੂੰ ਸਾੜੇ ਨਾ,
ਪਿੱਪਲ਼ ਦਾਣਾ ਦੇਵੇ ਨਾ,
ਚਿੜੀ ਵਿਚਾਰੀ ਕੀ ਕਰੇ?
ਠੰਢਾ ਪਾਣੀ ਪੀ ਮਰੇ?
ਨਹੀਂ, ਆਪਣੀ ਕੋਸ਼ਸ਼ ਹੋਰ ਕਰੇ।



ਫਿਰ ਚਿੜੀ, ਬਿੱਲੀ ਕੋਲ਼ ਗਈ। ਉਸ ਨੇ ਕਿਹਾ, "ਬਿੱਲੀਏ! ਬਿੱਲੀਏ! ਚੂਹੇ ਨੂੰ ਖਾ ਜਾ।" ਬਿੱਲੀ ਭੁੱਖੀ ਸੀ। ਉਹ ਮੰਨ ਗਈ।



ਬਿੱਲੀ ਚੂਹੇ ਨੂੰ ਖਾਣ ਲੱਗੀ,
ਚੂਹਾ ਰੱਸਾ ਕੁਤਰਨ ਲੱਗਾ,
ਰੱਸਾ ਹਾਥੀ ਬੰਨ੍ਹਣ ਲੱਗਾ,
ਹਾਥੀ ਪਾਣੀ ਪੀਣ ਲੱਗਾ,
ਪਾਣੀ ਅੱਗ ਬੁਝਾਉਣ ਲੱਗਾ,
ਅੱਗ ਪਿੱਪਲ਼ ਨੂੰ ਸਾੜਨ ਲੱਗੀ,
ਪਿੱਪਲ਼ ਨੇ ਦਾਣਾ ਦੇ ਦਿੱਤਾ,
ਚਿੜੀ ਨੇ ਦਾਣਾ ਖਾ ਲਿਆ,
ਆਪਣਾ ਹਿੱਸਾ ਪਾ ਲਿਆ,
ਚਿੜੀ ਚੀਂ-ਚੀਂ ਕਰਦੀ ਉੱਡ ਗਈ।

## ਪਾਠ-ਅਭਿਆਸ



1. **ਹੇਠ ਲਿਖੇ ਵਾਕਾਂ ਅੱਗੇ ਸਹੀ ਜਾਂ ਗ਼ਲਤ ਦਾ ਨਿਸ਼ਾਨ ਲਗਾਓ :**

(ੳ) ਚਿੜੀ ਨੂੰ ਬਹੁਤ ਪਿਆਸ ਲੱਗੀ ਸੀ। ☐

(ਅ) ਦਾਣਾ ਪਿੱਪਲ਼ ਦੀ ਜੜ੍ਹ ਵਿੱਚ ਡਿਗ ਪਿਆ। ☐

(ੲ) ਬਿੱਲੀ ਚਿੜੀ ਦੀ ਮਦਦ ਕਰਨ ਲਈ ਮੰਨ ਗਈ ਸੀ। ☐

2. **ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :**

(ੳ) **ਚਿੜੀ ਨੂੰ ਕੀ ਲੱਭਿਆ?**

(ਅ) **ਦਾਣਾ ਕਿੱਥੇ ਡਿਗ ਪਿਆ ਸੀ ?**

(ੲ) **ਚਿੜੀ ਮਦਦ ਲੈਣ ਲਈ ਕਿਸ-ਕਿਸ ਕੋਲ਼ ਗਈ ?**

(ਸ) **ਚਿੜੀ ਨੇ ਚੂਹੇ ਨੂੰ ਕੀ ਕਿਹਾ ?**

## 3. ਸਮਝੋ ਅਤੇ ਲਿਖੋ :

| | | |
|---|---|---|
| ਚਿੜੀ | – | ਚਿੜੀਆਂ |
| ਬਿੱਲੀ | – | |
| ਦਾਣਾ | – | ਦਾਣੇ |
| ਰੱਸਾ | – | |
| ਚੂਹਾ | – | |



4. **ਸਮਝੋ ਅਤੇ ਲਿਖੋ :**

ਚਿੜਾ – ਚਿੜੀ

ਚੂਹੀ – ..................

ਬਿੱਲਾ – ..................


ਰੱਸੀ – ..................

ਹਥਣੀ – ..................

5. **ਪਾਠ ਵਿੱਚੋਂ ( ੂ ) ਹੋੜਾ ਵਾਲ਼ੇ ਸ਼ਬਦ ਚੁਣ ਕੇ ਲਿਖੋ:**

..................................................

..................................................



ਪਾਠ-7

# ਭਾਈ ਲਾਲੋ



ਇੱਕ ਵਾਰ ਗੁਰੂ ਨਾਨਕ ਦੇਵ ਜੀ ਘੁੰਮਦੇ-ਘੁੰਮਦੇ ਸੈਦਪੁਰ ਪਹੁੰਚੇ। ਇੱਥੇ ਇੱਕ ਗ਼ਰੀਬ ਕਿਰਤੀ ਤਰਖਾਣ ਰਹਿੰਦਾ ਸੀ ਜਿਸ ਦਾ ਨਾਂ ਭਾਈ ਲਾਲੋ ਸੀ।

ਭਾਈ ਲਾਲੋ ਸਾਰਾ ਦਿਨ ਮਿਹਨਤ ਕਰਦਾ। ਲੋਕਾਂ ਦੇ ਛੋਟੇ-ਮੋਟੇ ਤਰਖਾਣੇ ਕੰਮ ਕਰਦਾ। ਜਿਹੜੀ ਮਿਹਨਤ-ਮਜੂਰੀ ਮਿਲ਼ਦੀ, ਉਸ ਨਾਲ਼ ਆਪਣੇ ਪਰਿਵਾਰ ਦਾ ਪੇਟ ਪਾਲ਼ਦਾ।

ਗੁਰੂ ਨਾਨਕ ਦੇਵ ਜੀ ਨੇ ਇੱਥੇ ਆ ਕੇ ਭਾਈ ਲਾਲੋ ਦੇ ਘਰ ਡੇਰਾ ਕੀਤਾ। ਗੁਰੂ ਜੀ ਭਾਈ ਲਾਲੋ ਦੇ ਘਰ ਦਾ ਰੁੱਖਾ-ਮਿੱਸਾ ਪਰਸ਼ਾਦਾ ਛਕਦੇ। ਉਹ ਸਵੇਰੇ-ਸ਼ਾਮ ਕੀਰਤਨ ਕਰਦੇ ਅਤੇ ਲੋਕਾਂ ਨੂੰ ਉਪਦੇਸ਼ ਦਿੰਦੇ।

ਗੁਰੂ ਜੀ ਦੇ ਇੱਥੇ ਆਉਣ ਦੀ ਖ਼ਬਰ ਸਾਰੇ ਪਾਸੇ ਪਹੁੰਚ ਗਈ। ਇਸੇ ਪਿੰਡ ਵਿੱਚ ਮਲਿਕ ਭਾਗੋ ਨਾਂ ਦਾ ਇੱਕ ਅਮੀਰ ਆਦਮੀ ਵੀ ਰਹਿੰਦਾ ਸੀ।

ਇੱਕ ਦਿਨ ਮਲਿਕ ਭਾਗੋ ਨੇ ਆਪਣੇ ਘਰ ਯੱਗ ਕੀਤਾ। ਇਸ ਯੱਗ ਵਿੱਚ ਸਾਰੇ ਲੋਕਾਂ ਦੇ ਨਾਲ਼ ਸਾਧੂਆਂ-ਸੰਤਾਂ ਨੂੰ ਵੀ ਬੁਲਾਇਆ ਗਿਆ। ਗੁਰੂ ਜੀ ਪਹਿਲਾਂ ਤਾਂ ਉਸ ਦੇ ਯੱਗ ਵਿੱਚ ਸ਼ਾਮਲ ਨਾ ਹੋਏ। ਵਾਰ-ਵਾਰ ਬੁਲਾਉਣ ਉੱਤੇ ਜਦੋਂ ਗੁਰੂ ਜੀ ਉੱਥੇ ਪਹੁੰਚੇ ਤਾਂ ਉਹਨਾਂ ਨੇ ਭੋਜਨ ਛਕਣ ਤੋਂ ਇਨਕਾਰ ਕਰ ਦਿੱਤਾ।

ਮਲਿਕ ਭਾਗੋ ਨੇ ਕਿਹਾ, "ਤੁਸੀਂ ਮੇਰੇ ਘਰ ਦੇ ਛੱਤੀ ਪਦਾਰਥ ਨਹੀਂ ਛਕਦੇ ਤੇ ਲਾਲੋ ਦੇ ਘਰ ਦੀ ਕੋਧਰੇ ਦੀ ਰੋਟੀ ਕਿਉਂ ਖਾਂਦੇ ਹੋ ?"

ਗੁਰੂ ਜੀ ਨੇ ਉਸ ਨੂੰ ਸਮਝਾਇਆ, "ਇਹ ਤੇਰੀ ਆਪਣੀ ਕਮਾਈ ਦੀ ਰੋਟੀ ਨਹੀਂ ਹੈ। ਤੂੰ ਗ਼ਰੀਬਾਂ ਦੀ ਕਮਾਈ ਖਾਂਦਾ ਹੈਂ। ਉਹਨਾਂ ਨੂੰ ਭੁੱਖੇ ਮਾਰਦਾ ਹੈਂ। ਵੱਡੇ-ਵੱਡੇ ਭੰਡਾਰੇ ਕਰਦਾ ਹੈਂ। ਇਹਨਾਂ ਵਿੱਚ ਗ਼ਰੀਬਾਂ ਦਾ ਲਹੂ ਹੈ। ਮੈਂ ਇਹ ਭੋਜਨ ਕਿਵੇਂ ਖਾਵਾਂ ?"



"ਭਾਈ ਲਾਲੋ ਹੱਥੀਂ ਕਿਰਤ ਕਰਦਾ ਹੈ। ਕਿਸੇ ਦਾ ਹੱਕ ਨਹੀਂ ਮਾਰਦਾ। ਇਸ ਲਈ ਉਸ ਦੀ ਰੋਟੀ ਵਿੱਚ ਦੁੱਧ ਵਰਗਾ ਸੁਆਦ ਹੈ।"

ਮਲਿਕ ਭਾਗੋ ਨੂੰ ਸਾਰੀ ਗੱਲ ਸਮਝ ਆ ਗਈ। ਉਹ ਗੁਰੂ ਜੀ ਦੇ ਚਰਨਾਂ ਉੱਤੇ ਡਿਗ ਪਿਆ। ਮਲਿਕ ਭਾਗੋ ਨੇ ਅੱਗੇ ਤੋਂ ਸੱਚ ਦੀ ਕਮਾਈ ਕਰਨ ਅਤੇ ਨੇਕ ਆਦਮੀ ਬਣਨ ਦੀ ਸਹੁੰ ਖਾਧੀ।

ਗੁਰੂ ਜੀ ਇਸ ਪਿੰਡ ਵਿੱਚ ਕਾਫ਼ੀ ਸਮਾਂ ਰਹੇ ਤੇ ਫੇਰ ਅੱਗੇ ਚਲੇ ਗਏ।

## ਪਾਠ-ਅਭਿਆਸ



**1. ਮੌਖਿਕ ਪ੍ਰਸ਼ਨ :**

(ੳ) 'ਭਾਈ ਲਾਲੋ' ਪਾਠ ਵਿੱਚ ਕਿਹੜੇ ਗੁਰੂ ਸਾਹਿਬ ਦਾ ਜ਼ਿਕਰ ਕੀਤਾ ਗਿਆ ਹੈ ?

(ਅ) ਭਾਈ ਲਾਲੋ ਕੀ ਕੰਮ ਕਰਦਾ ਸੀ ?

(ੲ) ਗੁਰੂ ਜੀ ਨੇ ਮਲਿਕ ਭਾਗੋ ਨੂੰ ਕੀ ਸਮਝਾਇਆ ?

**2. ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

(ੳ) **ਗੁਰੂ ਨਾਨਕ ਜੀ ਘੁੰਮਦੇ-ਘੁੰਮਦੇ ਕਿੱਥੇ ਪਹੁੰਚੇ ?**

ਲਾਹੌਰ ☐ ਸੈਦਪੁਰ ☐ ਕਰਤਾਰਪੁਰ ☐

(ਅ) **ਪਿੰਡ ਵਿੱਚ ............ ਨਾਂ ਦਾ ਅਮੀਰ ਰਹਿੰਦਾ ਸੀ ?**

ਲਾਲੋ ਮਲਿਕ ਭਾਗੋ ਮਰਦਾਨਾ

**3. ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :**

(ੳ) ਭਾਈ ਲਾਲੋ ਸਾਰਾ ਦਿਨ ............ ਕਰਦਾ। ( ਮਿਹਨਤ / ਕੀਰਤਨ )

(ਅ) ਗੁਰੂ ਜੀ ਸਵੇਰੇ-ਸ਼ਾਮ ............ ਕਰਦੇ ਅਤੇ ਲੋਕਾਂ ਨੂੰ ਉਪਦੇਸ਼ ਦਿੰਦੇ।
(ਕੀਰਤਨ / ਉਪਦੇਸ਼)

(ੲ) ਇਹ ਤੇਰੀ ਆਪਣੀ ............ ਦੀ ਰੋਟੀ ਨਹੀਂ ਹੈ। ( ਕਮਾਈ / ਪੈਸੇ )

(ਸ) ਭਾਈ ਲਾਲੋ ਹੱਥੀਂ .................... ਕਰਦਾ ਹੈ। (ਕਿਰਤ / ਭੰਡਾਰਾ)

(ਹ) ਮਲਿਕ ਭਾਗੋ ਨੇ ਅੱਗੇ ਤੋਂ .................... ਆਦਮੀ ਬਣਨ ਦੀ ਸਹੁੰ ਖਾਧੀ। (ਨੇਕ / ਬੁਰਾ)

## 3. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :

(ੳ) **ਭਾਈ ਲਾਲੋ ਕੌਣ ਸੀ ?**

..........................................................................................

(ਅ) **ਮਲਿਕ ਭਾਗੋ ਕੌਣ ਸੀ ?**

..........................................................................................

(ੲ) **ਮਲਿਕ ਭਾਗੋ ਨੇ ਕਿਸ ਤਰ੍ਹਾਂ ਦੀ ਕਮਾਈ ਕਰਨ ਦੀ ਸਹੁੰ ਖਾਧੀ ?**

..........................................................................................

## 5. ਹੇਠ ਲਿਖੇ ਸ਼ਬਦਾਂ ਦੇ ਜੋੜੇ ਬਣਾਓ ਜਿਵੇਂ ਕਿ ਤੀਰ ਦਾ ਨਿਸ਼ਾਨ ਲਾ ਕੇ ਦੱਸਿਆ ਗਿਆ ਹੈ :

| | |
|---|---|
| ਸਵੇਰੇ → | ਸੰਤਾਂ |
| ਮਿਹਨਤ | ਸ਼ਾਮ |
| ਰੁੱਖਾ | ਮਜ਼ੂਰੀ |
| ਸਾਧੂਆਂ | ਪਦਾਰਥ |
| ਛੱਤੀ | ਮਿੱਸਾ |



6. **ਸਮਝੋ ਅਤੇ ਲਿਖੋ :**

ਲੋਕ : ਲੋਕਾਂ

ਪਰਿਵਾਰ : ____________

ਪਿੰਡ : ____________

ਚਰਨ : ____________

7. **ਪਾਠ ਵਿੱਚੋਂ ਨਾਸਿਕੀ ਚਿੰਨ੍ਹ ਬਿੰਦੀ ( ਂ ) ਅਤੇ ਟਿੱਪੀ ( ੰ ) ਵਾਲ਼ੇ ਸ਼ਬਦ ਚੁਣ ਕੇ ਲਿਖੋ:**

| | | | |
|---|---|---|---|
| ____________ | ____________ | ____________ | ____________ |
| ____________ | ____________ | ____________ | ____________ |
| ____________ | ____________ | ____________ | ____________ |



**ਆਪਣੇ ਮਾਤਾ-ਪਿਤਾ/ਦਾਦਾ-ਦਾਦੀ ਤੋਂ ਗੁਰੂ ਨਾਨਕ ਦੇਵ ਜੀ ਬਾਰੇ ਹੋਰ ਸਾਖੀ ਸੁਣੋ।**

ਪਾਠ-੪

# ਬੱਦਲ਼



ਆ ਗਏ ਬੱਦਲ਼, ਆ ਗਏ ਬੱਦਲ਼
ਵਿੱਚ ਅਸਮਾਨੀਂ ਛਾ ਗਏ ਬੱਦਲ਼।

ਅਹੁ ਦੇਖੋ ਕਿੰਵ ਭੱਜਦੇ ਬੱਦਲ਼
ਇੱਕ-ਦੂਜੇ ਗਲ਼ ਲੱਗਦੇ ਬੱਦਲ਼।

ਜ਼ੋਰ-ਜ਼ੋਰ ਟਕਰਾਉਂਦੇ ਬੱਦਲ਼
ਬਿਜਲੀ ਕਿਤੇ ਗਿਰਾਉਂਦੇ ਬੱਦਲ਼।

ਗੜ-ਗੜ ਸ਼ੋਰ ਮਚਾਉਂਦੇ ਬੱਦਲ਼
ਬਾਗ਼ੀਂ ਮੋਰ ਨਚਾਉਂਦੇ ਬੱਦਲ਼।

ਭੂਰੇ, ਚਿੱਟੇ, ਕਾਲ਼ੇ ਬੱਦਲ਼
ਇਹ ਤਾਂ ਵਰਖਾ ਵਾਲ਼ੇ ਬੱਦਲ਼।

ਕੁਝ ਹਲਕੇ, ਕੁਝ ਭਾਰੇ ਬੱਦਲ਼
ਲੱਗਦੇ ਬੜੇ ਪਿਆਰੇ ਬੱਦਲ਼।

ਛਮ-ਛਮ ਕਰਦੇ ਵਰ੍ਹਦੇ ਬੱਦਲ਼
ਛੱਪੜ-ਟੋਭੇ ਭਰਦੇ ਬੱਦਲ਼।

ਗਰਮੀ ਦੂਰ ਭਜਾਉਂਦੇ ਬੱਦਲ਼
ਥਾਂ-ਥਾਂ ਠੰਢ ਵਰਤਾਉਂਦੇ ਬੱਦਲ਼।

ਹਰ ਇੱਕ ਮਨ ਨੂੰ ਭਾਉਂਦੇ ਬੱਦਲ਼
ਸਭ ਦੀ ਪਿਆਸ ਬੁਝਾਉਂਦੇ ਬੱਦਲ਼।

## ਪਾਠ-ਅਭਿਆਸ



1. ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :

(ੳ) ਅਸਮਾਨ ਵਿੱਚ ਕੀ ਛਾ ਗਏ ?

ਬੱਦਲ਼ ☐ ਪੰਛੀ ☐ ਖੇਤ ☐

(ਅ) ਬਾਗ਼ਾਂ ਵਿੱਚ ਕੀ ਨੱਚਦੇ ਹਨ ?

ਸ਼ੇਰ ☐ ਮੋਰ ☐ ਚੋਰ ☐

## 2. ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :

(ੳ) ਜ਼ੋਰ-ਜ਼ੋਰ ........................ ਬੱਦਲ਼ ।

ਬਿਜਲੀ ਕਿਤੇ ........................ ਬੱਦਲ਼ ।

(ਅ) ਗੜ-ਗੜ ਸ਼ੋਰ ........................ ਬੱਦਲ਼,

ਬਾਗ਼ੀਂ ਮੋਰ ........................ ਬੱਦਲ਼ ।

(ੲ) ਛਮ-ਛਮ ਕਰਦੇ ........................ ਬੱਦਲ਼,

ਛੱਪੜ-ਟੋਭੇ ........................ ਬੱਦਲ਼ ।



( ਭਰਦੇ, ਵਰ੍ਹਦੇ, ਗਿਰਾਉਂਦੇ, ਟਕਰਾਉਂਦੇ, ਨਚਾਉਂਦੇ, ਮਚਾਉਂਦੇ )

## 3. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :

(ੳ) ਬੱਦਲ਼ ਕਿਹੜੇ-ਕਿਹੜੇ ਰੰਗ ਦੇ ਹੁੰਦੇ ਹਨ ?

..............................................................................................

(ਅ) ਬੱਦਲ਼ ਆਉਣ ਨਾਲ਼ ਬਾਗ਼ਾਂ ਦੇ ਵਿੱਚ ਕੌਣ ਨੱਚਦਾ ਹੈ ?

..............................................................................................

(ੲ) ਬੱਦਲ਼ਾਂ ਦੇ ਵਰ੍ਹਨ ਨਾਲ਼ ਕੀ-ਕੀ ਹੁੰਦਾ ਹੈ ?

..............................................................................................

4. **ਇਸ ਕਵਿਤਾ ਵਿੱਚੋਂ ਦੁਹਰਾਅ ਵਾਲ਼ੇ ਹੋਰ ਸ਼ਬਦ ਲਿਖੋ, ਜਿਵੇਂ ਕਿ ਉਦਾਹਰਨ ਵਿੱਚ ਦੱਸਿਆ ਗਿਆ ਹੈ।**

**ਉਦਾਹਰਨ : ਗੜ-ਗੜ**

5. **ਸੁੰਦਰ ਕਰਕੇ ਲਿਖੋ :**


ਜਾਗੋ ਹੁਣ ਸੌਂ ਲਿਆ ਬਥੇਰਾ,

ਜਾਗੋ ! ਜਾਗੋ ! ਹੋਇਆ ਸਵੇਰਾ।

6. **ਪਾਠ ਵਿੱਚੋਂ ਉਹ ਸ਼ਬਦ ਚੁਣ ਕੇ ਲਿਖੋ ਜਿਨ੍ਹਾਂ ਵਿੱਚ ਕਿਸੇ ਅੱਖਰ ਦੇ ਪੈਰ ਵਿੱਚ ਬਿੰਦੀ ਦੀ ਵਰਤੋਂ ਕੀਤੀ ਗਈ ਹੈ :**



**ਇਸ ਕਵਿਤਾ ਨੂੰ ਜ਼ਬਾਨੀ ਯਾਦ ਕਰਕੇ ਆਪਣੀ ਜਮਾਤ ਵਿੱਚ ਸੁਣਾਓ।**




# ਨਿੰਮ

ਮੈਂ ਨਿੰਮ ਹਾਂ। ਕਈ ਮੈਨੂੰ ਨਿੰਬ ਵੀ ਆਖਦੇ ਹਨ। ਮੈਂ ਹਰ ਥਾਂ ਮਿਲ਼ਦੀ ਹਾਂ। ਪਿੰਡ ਵਿੱਚ ਵੀ ਤੇ ਸ਼ਹਿਰ ਵਿੱਚ ਵੀ। ਖੇਤ ਵਿੱਚ ਵੀ ਤੇ ਘਰ ਵਿੱਚ ਵੀ। ਲੋਕ ਮੈਨੂੰ ਵਿਹੜਿਆਂ ਵਿੱਚ ਲਾਉਣਾ ਪਸੰਦ ਕਰਦੇ ਹਨ।



ਮੇਰਾ ਦਰਖ਼ਤ ਬਹੁਤ ਵੱਡਾ ਹੁੰਦਾ ਹੈ। ਮੇਰੀ ਛਾਂ ਬਹੁਤ ਸੰਘਣੀ ਹੁੰਦੀ ਹੈ। ਵੱਡੇ ਮੇਰੀ ਛਾਂ ਹੇਠਾਂ ਬੈਠਦੇ ਹਨ। ਬੱਚੇ ਮੇਰੀ ਛਾਂ ਵਿੱਚ ਖੇਡਦੇ ਹਨ। ਕੁੜੀਆਂ ਮੇਰੇ ਟਾਹਣਿਆਂ ਉੱਤੇ ਪੀਂਘਾਂ ਪਾਉਂਦੀਆਂ ਹਨ।

ਵੈਦ ਮੇਰੇ ਵਿੱਚ ਕਈ ਗੁਣ ਦੱਸਦੇ ਹਨ। ਕਈ ਦਵਾਈਆਂ ਵਿੱਚ ਮੇਰੀ ਵਰਤੋਂ ਕੀਤੀ ਜਾਂਦੀ ਹੈ। ਸਿਆਣੇ ਕਹਿੰਦੇ ਹਨ ਕਿ ਮੇਰੀ ਹਰ ਚੀਜ਼ ਬਹੁਤ ਕੰਮ ਆਉਂਦੀ ਹੈ। ਮੇਰੇ ਪੱਤੇ ਸੁਕਾ ਕੇ ਟ੍ਰੰਕਾਂ ਵਿੱਚ ਰੱਖੇ ਗਰਮ ਕੱਪੜਿਆਂ ਵਿੱਚ ਪਾਏ ਜਾਂਦੇ ਹਨ। ਕਹਿੰਦੇ ਹਨ ਇੰਞ ਕਰਨ ਨਾਲ਼ ਉਹਨਾਂ ਨੂੰ ਕੀੜਾ ਨਹੀਂ ਲੱਗਦਾ। ਕਣਕ ਦੇ ਢੋਲ ਵਿੱਚ ਵੀ ਮੇਰੇ ਪੱਤੇ ਪਾਏ ਜਾਂਦੇ ਹਨ। ਲੋਕ ਮੇਰੇ ਪੱਤੇ ਉਬਾਲ਼ ਕੇ, ਉਸ ਪਾਣੀ ਨਾਲ਼ ਨ੍ਹਾਉਂਦੇ ਹਨ।

ਮੈਨੂੰ ਫੁੱਲ, ਫਲ਼ ਵੀ ਲੱਗਦੇ ਹਨ। ਮੇਰੇ ਫਲ਼ ਨੂੰ ਨਿਮੋਲ਼ੀ ਜਾਂ ਨਿੰਬੋਲੀ ਵੀ ਕਿਹਾ ਜਾਂਦਾ ਹੈ। ਨਿਮੋਲ਼ੀਆਂ ਥੋੜ੍ਹੀਆਂ ਮਿੱਠੀਆਂ ਤੇ ਕੌੜੀਆਂ ਹੁੰਦੀਆਂ ਹਨ। ਇਹਨਾਂ ਤੋਂ ਸਾਬਣ ਤੇ ਤੇਲ ਬਣਾਇਆ ਜਾਂਦਾ ਹੈ। ਮੇਰੀ ਦਾਤਣ ਕਰਨ ਨਾਲ਼ ਦੰਦ ਮਜ਼ਬੂਤ ਹੁੰਦੇ ਹਨ। ਇਹ ਕੌੜੀ ਜ਼ਰੂਰ ਹੁੰਦੀ ਹੈ ਪਰ ਗੁਣਕਾਰੀ ਹੈ।

ਮੇਰੀ ਲੱਕੜ ਤੋਂ ਫ਼ਰਨੀਚਰ ਵੀ ਬਣਦਾ ਹੈ। ਨਿੰਮ ਦੇ ਘੋਟਣੇ ਅਤੇ ਨਿੰਮ ਦੇ ਸੰਦੂਕ ਬਾਰੇ ਤਾਂ ਲੋਕ-ਗੀਤ ਵੀ ਲਿਖੇ ਗਏ ਹਨ।

ਕਹਿੰਦੇ ਹਨ ਕਿ ਮੇਰੀ ਹਵਾ ਵੀ ਬਹੁਤ ਸ਼ੁੱਧ ਹੁੰਦੀ ਹੈ। ਜੇ ਮੈਂ ਗੁਣਕਾਰੀ ਹਾਂ ਤਾਂ ਹੀ ਸਭ ਦੀ ਪਿਆਰੀ ਹਾਂ।

## ਪਾਠ-ਅਭਿਆਸ



**1. ਮੌਖਿਕ ਪ੍ਰਸ਼ਨ :**

(ੳ) ਨਿੰਮ ਸਾਡੇ ਕੀ-ਕੀ ਕੰਮ ਆਉਂਦੀ ਹੈ ?

**2. ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :**

(ੳ) ਨਿੰਮ ਦਾ ਦਰਖ਼ਤ ਬਹੁਤ .................... ਹੁੰਦਾ ਹੈ। ( ਵੱਡਾ / ਛੋਟਾ )

(ਅ) ਨਿੰਮ ਦੀ ਦਾਤਣ .................... ਹੁੰਦੀ ਹੈ। ( ਮਿੱਠੀ / ਕੌੜੀ )

(ੲ) ਨਿੰਮ ਦੀ ਛਾਂ .................... ਹੁੰਦੀ ਹੈ। ( ਸੰਘਣੀ / ਵਿਰਲੀ )

(ਸ) ਨਿੰਮ ਹਵਾ ਨੂੰ .................... ਕਰਦੀ ਹੈ। ( ਸ਼ੁੱਧ / ਅਸ਼ੁੱਧ )

**3. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :**

(ੳ) ਲੋਕ ਨਿੰਮ ਕਿੱਥੇ ਲਾਉਣਾ ਪਸੰਦ ਕਰਦੇ ਹਨ ?

..........................................................................

(ਅ) ਨਿੰਮ ਦੇ ਪੱਤੇ ਕਿਸ ਕੰਮ ਆਉਂਦੇ ਹਨ ?

..........................................................................

(ੲ) ਨਿੰਮ ਦੇ ਫਲ਼ ਨੂੰ ਕੀ ਕਹਿੰਦੇ ਹਨ ?

..........................................................................

(ਸ) ਨਿੰਮ ਦੀ ਲੱਕੜ ਤੋਂ ਕੀ ਬਣਦਾ ਹੈ ?

..........................................................................

**4. ਸਮਝੋ ਅਤੇ ਲਿਖੋ :**

| | | | | | |
|---|---|---|---|---|---|
| ਦਰਖ਼ਤ | : | ਦਰਖ਼ਤਾਂ | ਕੁੜੀ | : | ਕੁੜੀਆਂ |
| ਖੇਤ | : | .................... | ਦਵਾਈ | : | .................... |
| ਟ੍ਰੰਕ | : | .................... | ਨਿਮੋਲ਼ੀ | : | .................... |
| ਪਿੰਡ | : | .................... | ਕੌਡੀ | : | .................... |

## 4. ਸਮਝੋ ਅਤੇ ਲਿਖੋ :



ਕਮਜ਼ੋਰ : ਮਜ਼ਬੂਤ

ਅਸ਼ੁੱਧ : ____________________

ਮਿੱਠੀਆਂ : ____________________

ਛਾਂ : ____________________

## 5. ਰਚਨਾਤਮਿਕ ਕਾਰਜ:

____________________ ____________________

**ਨਿੰਮ ਦੇ ਰੁੱਖ ਦੇ ਲਾਭ**

____________________ ____________________



ਆਪਣੇ ਸਕੂਲ, ਘਰ ਜਾਂ ਪਿੰਡ-ਸ਼ਹਿਰ ਵਿੱਚ ਸਾਂਝੀ ਥਾਂ ਉੱਤੇ ਨਿੰਮ ਦਾ ਬੂਟਾ ਲਗਾਓ ਅਤੇ ਉਸ ਦੀ ਸੰਭਾਲ਼ ਕਰੋ।

ਪਾਠ-10

# ਮੇਰਾ ਪਿੰਡ



ਇਹ ਮੇਰਾ ਪਿੰਡ ਹੈ। ਇਹ ਪਿੰਡ ਕਾਫ਼ੀ ਵੱਡਾ ਹੈ। ਇੱਥੇ ਲਗ-ਪਗ 200 ਘਰ ਹਨ। ਕੁਝ ਕੱਚੇ ਹਨ ਪਰ ਬਹੁਤੇ ਘਰ ਪੱਕੇ ਹਨ। ਅਸੀਂ ਪੱਕੇ ਘਰ ਵਿੱਚ ਰਹਿੰਦੇ ਹਾਂ। ਮੇਰੇ ਪਿਤਾ ਜੀ ਇੱਕ ਕਿਰਸਾਣ ਹਨ। ਮੈਂ ਸਵੇਰੇ ਜਲਦੀ ਉੱਠਦਾ ਹਾਂ। ਉਹਨਾਂ ਨਾਲ਼ ਖੇਤਾਂ ਵਿੱਚ ਕੰਮ ਕਰਦਾ ਹਾਂ। ਅਸੀਂ ਆਪਣੇ ਖਾਣ ਲਈ ਕੁਝ ਕਣਕ, ਛੋਲੇ ਅਤੇ ਚਾਵਲ ਰੱਖ ਲੈਂਦੇ ਹਾਂ। ਬਾਕੀ ਅਨਾਜ ਮੰਡੀ ਵਿੱਚ ਵੇਚ ਦਿੰਦੇ ਹਾਂ।

ਮੇਰੇ ਪਿੰਡ ਦੇ ਲੋਕ ਬਹੁਤ ਮਿਹਨਤੀ ਹਨ। ਸਾਰੇ ਆਪਣੇ-ਆਪਣੇ ਕਿੱਤਿਆਂ ਅਨੁਸਾਰ ਕੰਮ ਕਰਦੇ ਹਨ। ਕੋਈ ਕੱਪੜਾ ਬੁਣਦਾ ਹੈ, ਕੋਈ ਕੱਪੜਾ ਸਿਊਂਦਾ ਹੈ।

ਕੋਈ ਲੱਕੜੀ ਤੋਂ ਪਟੜੇ, ਘੋਟਣੇ ਤੇ ਮੇਜ਼-ਕੁਰਸੀਆਂ ਬਣਾਉਂਦਾ ਹੈ। ਕੋਈ ਲੋਹੇ ਤੋਂ ਬਾਲਟੀਆਂ, ਕਹੀਆਂ, ਖੁਰਪੇ ਤੇ ਦਾਤੀਆਂ ਬਣਾਉਂਦਾ ਹੈ। ਕੋਈ ਮਿੱਟੀ ਦੇ ਭਾਂਡੇ ਤਿਆਰ ਕਰਦਾ ਹੈ। ਕੋਈ ਜੁੱਤੀਆਂ ਬਣਾਉਂਦਾ ਹੈ। ਕਿਸੇ ਘਰ ਵਿੱਚ ਦਰੀਆਂ ਤੇ ਖੇਸ ਬੁਣੇ ਜਾਂਦੇ ਹਨ। ਕੋਈ ਤੂਤ ਦੀਆਂ ਛਿਟੀਆਂ ਦੇ ਟੋਕਰੇ ਬਣਾਉਂਦਾ ਹੈ।

ਕਈਆਂ ਨੇ ਮੱਝਾਂ ਰੱਖੀਆਂ ਹੋਈਆਂ ਹਨ। ਉਹ ਦੁੱਧ ਵੇਚਣ ਦਾ ਕੰਮ ਕਰਦੇ ਹਨ। ਔਰਤਾਂ ਵੀ ਘਰਾਂ ਅਤੇ ਖੇਤਾਂ ਵਿੱਚ ਕੰਮ ਕਰਦੀਆਂ ਹਨ।

ਮੇਰੇ ਪਿੰਡ ਵਿੱਚ ਇੱਕ ਸਕੂਲ ਹੈ। ਇੱਥੇ ਕੁੜੀਆਂ ਤੇ ਮੁੰਡੇ ਇਕੱਠੇ ਪੜ੍ਹਦੇ ਹਨ। ਇੱਥੇ ਇੱਕ ਲਾਇਬ੍ਰੇਰੀ ਵੀ ਹੈ। ਲੋਕ ਲਾਇਬ੍ਰੇਰੀ ਵਿੱਚ ਬੈਠ ਕੇ ਪੜ੍ਹਦੇ ਹਨ।

ਪਿੰਡ ਵਿੱਚ ਇੱਕ ਸਰਕਾਰੀ ਡਿਸਪੈਂਸਰੀ ਹੈ। ਇੱਥੋਂ ਦਵਾਈਆਂ ਮੁਫ਼ਤ ਮਿਲ਼ਦੀਆਂ ਹਨ। ਪਿੰਡ ਵਿੱਚ ਪਸ਼ੂਆਂ ਦਾ ਇੱਕ ਹਸਪਤਾਲ਼ ਵੀ ਹੈ। ਪਿੰਡ ਵਿੱਚ ਇੱਕ ਡਾਕਖ਼ਾਨਾ ਹੈ। ਡਾਕੀਆ ਡਾਕ ਵੰਡਦਾ ਹੈ।

ਮੇਰੇ ਬਾਬਾ ਜੀ ਪਿੰਡ ਵਿੱਚ ਰਹਿ ਕੇ ਖ਼ੁਸ਼ ਹਨ। ਸਾਫ਼, ਤਾਜ਼ੀ ਅਤੇ ਖੁੱਲ੍ਹੀ ਹਵਾ ਉਹਨਾਂ ਨੂੰ ਪਸੰਦ ਹੈ।

ਮੇਰੇ ਮਾਤਾ ਜੀ ਕਹਿੰਦੇ ਹਨ ਕਿ ਸਾਡਾ ਪਿੰਡ ਹੁਣ ਸ਼ਹਿਰ ਵਰਗਾ ਹੈ। ਸਾਰੇ ਘਰਾਂ ਵਿੱਚ ਬਿਜਲੀ ਹੈ। ਟੈਲੀਵੀਜ਼ਨ ਤੇ ਫ਼ਰਿੱਜ ਤਾਂ ਹੁਣ ਸਾਰਿਆਂ ਕੋਲ਼ ਹਨ।

ਖੇਤਾਂ ਵਿੱਚ ਬਿਜਲੀ ਨਾਲ਼ ਮੋਟਰਾਂ ਚੱਲਦੀਆਂ ਹਨ। ਖੇਤੀ ਟ੍ਰੈੱਕਟਰਾਂ ਨਾਲ਼ ਹੁੰਦੀ ਹੈ। ਗੱਡਾ ਤੇ ਹਲ਼ ਤਾਂ ਹੁਣ ਕਿਸੇ-ਕਿਸੇ ਕੋਲ਼ ਹੀ ਹਨ।

ਇਸ ਵਾਰ ਮੀਂਹ ਬਹੁਤ ਪਿਆ ਹੈ। ਪਿੰਡ ਦਾ ਟੋਭਾ ਪਾਣੀ ਨਾਲ਼ ਭਰ ਗਿਆ ਹੈ। ਪਹਿਲਾਂ ਮੱਝਾਂ, ਗਾਂਵਾਂ ਤੇ ਭੇਡਾਂ-ਬੱਕਰੀਆਂ ਉੱਥੋਂ ਹੀ ਪਾਣੀ ਪੀਂਦੀਆਂ ਸਨ। ਹੁਣ ਪਸ਼ੂਆਂ ਨੂੰ ਵੀ ਸਾਫ਼ ਪਾਣੀ ਪਿਆਇਆ ਜਾਂਦਾ ਹੈ।

ਅਸੀਂ ਘਰਾਂ ਵਿੱਚ ਟੂਟੀਆਂ ਤੋਂ ਪਾਣੀ ਪੀਂਦੇ ਹਾਂ। ਨਲ਼ਕੇ ਤੇ ਖੂਹ ਬਹੁਤ ਘਟ ਗਏ ਹਨ।

ਮੇਰੇ ਚਾਚਾ ਜੀ ਡਾਕਟਰ ਹਨ। ਉਹ ਚੰਡੀਗੜ੍ਹ ਰਹਿੰਦੇ ਹਨ। ਛੁੱਟੀਆਂ ਵਿੱਚ ਉਹਨਾਂ ਦਾ ਪਰਿਵਾਰ ਵੀ ਪਿੰਡ ਆਉਂਦਾ ਹੈ। ਸੜਕ ਪੱਕੀ ਹੋਣ ਕਰ ਕੇ ਉਹਨਾਂ ਦੀ ਕਾਰ ਸਿੱਧੀ ਘਰ ਅੱਗੇ ਆਉਂਦੀ ਹੈ। ਉਹ ਕਹਿੰਦੇ ਹਨ ਕਿ ਤਾਜ਼ੀਆਂ ਸਬਜ਼ੀਆਂ ਤਾਂ ਪਿੰਡ ਵਿੱਚ ਹੀ ਮਿਲ਼ਦੀਆਂ ਹਨ। ਸਾਗ ਅਤੇ ਮੱਕੀ ਦੀ ਰੋਟੀ ਖਾ ਕੇ ਉਹ ਖ਼ੁਸ਼ ਹੁੰਦੇ ਹਨ। ਗੰਨੇ ਚੂਪਣੇ ਉਹਨਾਂ ਨੂੰ ਚੰਗੇ ਲੱਗਦੇ ਹਨ।

ਮੇਰੇ ਪਿੰਡ ਵਿੱਚ ਇੱਕ ਮੇਲਾ ਵੀ ਲੱਗਦਾ ਹੈ। ਮੇਲੇ ਵਾਲ਼ੀ ਥਾਂ ਬਹੁਤ ਰੌਣਕ ਹੁੰਦੀ ਹੈ। ਸ਼ਹਿਰ ਤੋਂ ਵੀ ਕੁਝ ਲੋਕ ਮੇਲਾ ਵੇਖਣ ਆਉਂਦੇ ਹਨ। ਮੈਂ ਵੀ ਬੱਸ ਉੱਤੇ ਚੜ੍ਹ ਕੇ ਕਦੇ-ਕਦੇ ਸ਼ਹਿਰ ਜਾਂਦਾ ਹਾਂ।

## ਪਾਠ-ਅਭਿਆਸ



**1. ਮੌਖਿਕ ਪ੍ਰਸ਼ਨ :**

(ੳ) ਤੁਹਾਡੇ ਪਿੰਡ ਦਾ ਕੀ ਨਾਂ ਹੈ?

..............................................................................

(ਅ) ਆਪਣੇ ਪਿੰਡ ਨਾਲ਼ ਲੱਗਦੇ ਕੋਈ ਦੋ ਪਿੰਡਾਂ ਦੇ ਨਾਂ ਦੱਸੋ।

..............................................................................

**2. ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :**

(ੳ) ਮੇਰੇ ਪਿਤਾ ਜੀ ਇੱਕ .................... ਹਨ।


(ਅ) ਮੇਰੇ ਪਿੰਡ ਦੇ ਲੋਕ ਬਹੁਤ .................... ਹਨ।

(ਏ) ਸਾਡਾ ਪਿੰਡ ਹੁਣ .................... ਵਰਗਾ ਹੈ।

(ਸ) ਸਾਡੇ ਘਰਾਂ ਵਿੱਚ .................... ਹੈ।

(ਹ) ਖੇਤੀ .................... ਨਾਲ਼ ਹੁੰਦੀ ਹੈ।

(ਟ੍ਰੈੱਕਟਰਾਂ, ਬਿਜਲੀ, ਸ਼ਹਿਰ, ਮਿਹਨਤੀ, ਕਿਰਸਾਣ)



## 3. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :

(ੳ) ਮੇਰੇ ਪਿੰਡ ਵਿੱਚ ਕਿਹੋ-ਜਿਹੇ ਘਰ ਹਨ ?

..........................................................................................

(ਅ) ਖੇਤਾਂ ਵਿੱਚ ਉਗਾਈਆਂ ਜਾਂਦੀਆਂ ਫ਼ਸਲਾਂ ਦੇ ਨਾਂ ਲਿਖੋ।

..........................................................................................

(ੲ) ਪਿੰਡ ਦੇ ਲੋਕ ਕੀ-ਕੀ ਕੰਮ ਕਰਦੇ ਹਨ ?

..........................................................................................

(ਸ) ਲਾਇਬ੍ਰੇਰੀ ਵਿੱਚ ਬੈਠ ਕੇ ਲੋਕ ਕੀ ਕਰਦੇ ਹਨ ?

..........................................................................................

(ਹ) ਲੋਕਾਂ ਦੀ ਸਹੂਲਤ ਲਈ ਪਿੰਡ ਵਿੱਚ ਹੋਰ ਕੀ-ਕੀ ਹੈ ?


..........................................................................................

4. **ਹੇਠ ਲਿਖੇ ਸ਼ਬਦਾਂ ਦੇ ਜੋੜੇ ਬਣਾਓ, ਜਿਵੇਂ ਕਿ ਤੀਰ ਦਾ ਨਿਸ਼ਾਨ ਲਾ ਕੇ ਦੱਸਿਆ ਗਿਆ ਹੈ :**

| | |
|---|---|
| ਖੇਤ | ਟੋਕਰੇ |
| ਸਕੂਲ | ਦਵਾਈਆਂ |
| ਡਾਕਖ਼ਾਨਾ | ਅਧਿਆਪਕ |
| ਡਿਸਪੈਂਸਰੀ | ਡਾਕੀਆ |
| ਛਿਟੀਆਂ | ਫ਼ਸਲ |

5. **ਸਮਝੋ ਅਤੇ ਲਿਖੋ :**

ਦਰੀ : ਦਰੀਆਂ



ਕਹੀ : ....................



ਦਾਤੀ : ....................



ਜੁੱਤੀ : ....................



ਕੁਰਸੀ : ....................



ਬਾਲਟੀ : ....................



6. **ਸਮਝੋ ਅਤੇ ਲਿਖੋ :**

ਮੁੰਡੇ : ਕੁੜੀਆਂ

ਅਧਿਆਪਕ : ..................

ਪਿਤਾ : ..................



7. **ਮਿਲਾਣ ਕਰੋ :**

| | |
|---|---|
| ਮੋਚੀ | ਮਿੱਟੀ ਦੇ ਭਾਂਡੇ ਬਣਾਉਣ ਵਾਲ਼ਾ। |
| ਜੁਲਾਹਾ | ਪਟੜੇ, ਘੋਟਣੇ ਅਤੇ ਮੇਜ਼-ਕੁਰਸੀਆਂ ਬਣਾਉਣ ਵਾਲ਼ਾ। |
| ਦਰਜ਼ੀ | ਖੁਰਪੇ ਤੇ ਦਾਤੀਆਂ ਬਣਾਉਣ ਵਾਲ਼ਾ। |
| ਤਰਖਾਣ | ਕੱਪੜਾ ਬੁਣਨ ਵਾਲ਼ਾ। |
| ਲੁਹਾਰ | ਜੁੱਤੀਆਂ ਬਣਾਉਣ ਵਾਲ਼ਾ। |
| ਘੁਮਿਆਰ | ਕੱਪੜੇ ਸਿਊਂਣ ਵਾਲ਼ਾ। |

8. **ਪਾਠ ਵਿੱਚੋਂ ਲਾਂ ਮਾਤਰਾ ( ੇ ) ਵਾਲ਼ੇ ਸ਼ਬਦ ਚੁਣ ਕੇ ਲਿਖੋ।**

.................. .................. .................. ..................

.................. .................. .................. ..................

9. **ਸੁੰਦਰ ਕਰਕੇ ਲਿਖੋ :**

ਮੇਰੇ ਚਾਚਾ ਜੀ ਡਾਕਟਰ ਹਨ।

..................................................

ਮੇਰੇ ਪਿੰਡ ਦੇ ਲੋਕ ਮਿਹਨਤੀ ਹਨ।

..................................................



**ਵਿਦਿਆਰਥੀਆਂ ਨੂੰ ਪੇਂਡੂ ਜੀਵਨ ਦੇ ਵੱਖ-ਵੱਖ ਪਹਿਲੂਆਂ ਤੋਂ ਜਾਣੂ ਕਰਵਾਇਆ ਜਾਵੇ।**

ਪਾਠ-11

# ਪੰਛੀ

ਚਿੜੀਆਂ ਤੇ ਗੁਟਾਰਾਂ,
ਰਲ਼ ਗੀਤ ਗਾਉਂਦੀਆਂ।





ਬਤਕਾਂ ਤਲਾਅ ਦੇ ਵਿੱਚ,
ਵੇਖੋ ਨ੍ਹਾਉਂਦੀਆਂ।

ਕਾਂਵਾਂ 'ਕੱਠੇ ਹੋ ਕੇ,
ਕਾਂਵਾਂ-ਰੌਲ਼ੀ ਪਾਈ ਏ।





ਕੋਇਲ ਨੇ ਮਿੱਠੀ ਜਿਹੀ,
ਕੂਕ ਲਾਈ ਏ।

ਬੱਦਲ਼ਾਂ ਨੂੰ ਵੇਖ,
ਮੋਰ ਪੈਲ ਪਾਈ ਏ।





ਤੋਤਿਆਂ ਦੀ ਡਾਰ,
ਅੰਬੀਆਂ ’ਤੇ ਆਈ ਏ।

ਸੋਹਣਿਆਂ ਕਬੂਤਰਾਂ,
ਉਡਾਰੀ ਲਾਈ ਏ।





ਇੱਲਾਂ ਖੋਲ੍ਹੇ ਖੰਭ,
ਮਾਰ ਕੇ ਉਡਾਰੀਆਂ।

ਗਿਰਝਾਂ ਅਕਾਸ਼ ਵਿੱਚ,
ਲਾਉਣ ਤਾਰੀਆਂ।





ਉੱਲੂ ਬੈਠਾ ਖੋੜ ਵਿੱਚ,
ਖੰਭ ਝਾੜਦਾ।

ਚੱਕੀਰਾਹਾ ਚੁੰਝ ਨਾਲ਼,
ਕੀੜੇ ਭਾਲ਼ਦਾ।





ਹੰਸਾਂ ਦੀ ਟੋਲੀ,
ਮੋਤੀਆਂ ਨੂੰ ਟੋਲ਼ਦੀ।

ਘੁੱਗੀ ਬੈਠੀ ਦੂਰ,
'ਤੂੰ ਹੀ ਤੂੰ' ਬੋਲਦੀ।



ਆਲ਼ਾ–ਦੁਆਲ਼ਾ ਸਾਡਾ,
ਇਹਨਾਂ ਨਾਲ਼ ਸਜਦਾ।

ਪੰਛੀਆਂ ਦੇ ਨਾਲ਼,
ਜੱਗ ਚੰਗਾ ਲੱਗਦਾ।

## ਪਾਠ-ਅਭਿਆਸ



1. ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :

(ੳ) **ਚਿੜੀਆਂ ਅਤੇ ਗੁਟਾਰਾਂ ਰਲ਼ ਕੇ ਕੀ ਗਾਉਂਦੀਆਂ ਹਨ ?**

ਗੀਤ ☐ ਕਵਿਤਾ ☐ ਚੁਟਕਲੇ ☐

(ਅ) **ਤੋਤਿਆਂ ਦੀ ਡਾਰ ਕਿਸ 'ਤੇ ਆਈ ਹੈ ?**

ਅੰਬੀਆਂ 'ਤੇ ☐ ਲੱਡੂਆਂ 'ਤੇ ☐ ਆਲੂਆਂ 'ਤੇ ☐

(ੲ) **ਹੰਸਾਂ ਦੀ ਟੋਲੀ ਕੀ ਟੋਲ਼ਦੀ ਹੈ ?**

ਸੋਨਾ ☐ ਚਾਂਦੀ ☐ ਮੋਤੀ ☐

2. ਹੇਠ ਲਿਖੇ ਵਾਕਾਂ ਦੇ ਸਾਮ੍ਹਣੇ ਦਿੱਤੇ ਖ਼ਾਨੇ ਵਿੱਚ ਠੀਕ (✓) ਜਾਂ ਗ਼ਲ਼ਤ (×) ਦਾ ਨਿਸ਼ਾਨ ਲਾਓ :

(ੳ) ਕੋਇਲ ਕੂਕਦੀ ਹੈ। ☐

(ਅ) ਬੱਦਲ਼ਾਂ ਨੂੰ ਵੇਖ ਕੇ ਤੋਤੇ ਪੈਲ ਪਾਉਂਦੇ ਹਨ। ☐

(ੲ) ਕਾਂ ਮੋਤੀ ਟੋਲ਼ਦੇ ਹਨ। ☐

(ਸ) ਸੋਹਣੇ ਕਬੂਤਰ ਉਡਾਰੀ ਲਾਉਂਦੇ ਹਨ। ☐

(ਹ) ਪੰਛੀਆਂ ਦੇ ਨਾਲ਼ ਇਹ ਜੱਗ ਚੰਗਾ ਲੱਗਦਾ ਹੈ। ☐

(ਕ) ਕਾਂ ਰਲ਼ ਕੇ ਗੀਤ ਗਾਉਂਦੇ ਹਨ। ☐

3. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :

(ੳ) ਅੰਬੀਆਂ ਉੱਤੇ ਕਿਹੜੇ ਪੰਛੀ ਆਏ ਹਨ ?

(ਅ) ਬੱਦਲ਼ਾਂ ਨੂੰ ਵੇਖ ਕੇ ਮੋਰ ਕੀ ਕਰਦਾ ਹੈ ?

(ੲ) ਉੱਲੂ ਖੋੜ ਵਿੱਚ ਬੈਠਾ ਕੀ ਕਰਦਾ ਹੈ ?

4. ਹੇਠ ਲਿਖੀਆਂ ਸਤਰਾਂ ਪੂਰੀਆਂ ਕਰੋ :

(ੳ) ਕੋਇਲ ਨੇ ਮਿੱਠੀ ਜਿਹੀ,

(ਅ) ਸੋਹਣੇ ਕਬੂਤਰਾਂ ਨੇ,

(ੲ) ਹੰਸਾਂ ਦੀ ਟੋਲੀ,

5. ਕਵਿਤਾ ਵਿੱਚ ਆਏ ਪੰਛੀਆਂ ਦੇ ਨਾਂ ਲਿਖੋ :

6. ਸਮਝੋ ਅਤੇ ਲਿਖੋ :

ਚਿੜੀ : ਚਿੜੀਆਂ

ਪੰਛੀ :


ਅੰਬੀ :

ਉਡਾਰੀ :

ਮੋਤੀ :

ਘੁੱਗੀ :

7. ਰੰਗ ਭਰੋ




ਪਾਠ-12

# ਅੱਬੂ ਦੀਆਂ ਕੁਕੜੀਆਂ

ਅੱਬੂ ਨੇ ਦੋ ਕੁਕੜੀਆਂ ਖ਼ਰੀਦੀਆਂ। ਇੱਕ ਦਾ ਰੰਗ ਚਿੱਟਾ ਸੀ। ਦੂਜੀ ਕਾਲ਼ੇ ਰੰਗ ਦੀ ਸੀ। ਉਸ ਨੇ ਸੋਚਿਆ ਕਿ ਦੋਵੇਂ ਹਰ ਰੋਜ਼ ਆਂਡੇ ਦੇਣਗੀਆਂ। ਆਂਡੇ ਵੇਚ ਕੇ ਪੈਸੇ ਵੱਟਾਂਗਾ। ਫਿਰ ਹੋਰ ਕੁਕੜੀਆਂ ਲੈ ਆਵਾਂਗਾ।

ਅੱਬੂ ਕੁਕੜੀਆਂ ਲੈ ਕੇ ਘਰ ਆ ਗਿਆ। ਪਹਿਲਾਂ ਉਸ ਨੇ ਵਿਹੜੇ ਵਿੱਚ ਚੋਗਾ ਖਿਲਾਰਿਆ। ਕੁਕੜੀਆਂ ਹੌਲ਼ੀ-ਹੌਲ਼ੀ ਚੋਗੇ ਵੱਲ ਗਈਆਂ। ਫਿਰ ਉਹ ਚੋਗਾ ਚੁਗਣ ਲੱਗੀਆਂ।



ਅੱਬੂ ਨੂੰ ਵਿਹੜੇ ਵਿੱਚ ਚੋਗਾ ਚੁਗਦੀਆਂ ਕੁਕੜੀਆਂ ਚੰਗੀਆਂ ਲੱਗੀਆਂ। ਉਸ ਨੂੰ ਕੁਕੜੀਆਂ ਦਾ ਕੁੜ-ਕੁੜ ਕਰਨਾ ਵੀ ਚੰਗਾ ਲੱਗਿਆ। 'ਕੁਕੜੀਆਂ ਨੂੰ ਪਿਆਸ ਵੀ ਲੱਗੀ ਹੋਣੀ ਏ', ਇਹ ਸੋਚ ਕੇ ਅੱਬੂ ਉੱਠਿਆ। ਉਸ ਨੇ ਇੱਕ ਕੌਲੇ ਵਿੱਚ ਪਾਣੀ ਪਾ ਕੇ ਖੁੱਡੇ ਵਿੱਚ ਰੱਖ ਦਿੱਤਾ।

ਹੁਣ ਅੱਬੂ ਨੇ ਕੁਕੜੀਆਂ ਦੇ ਖੁੱਡੇ ਵੱਲ ਵੇਖਿਆ। ਅੱਬੂ ਨੇ ਸੋਚਿਆ, "ਅੱਜ ਦੋਂਹਾਂ ਨੂੰ ਇੱਕੋ ਖੁੱਡੇ ਵਿੱਚ ਰੱਖਾਂਗਾ। ਦੋਂਹਾਂ ਦਾ ਜੀਅ ਲੱਗਿਆ ਰਹੇਗਾ।"

ਅੱਜ ਅੱਬੂ ਬਹੁਤ ਖ਼ੁਸ਼ ਸੀ। ਖ਼ੁਸ਼ੀ ਵਿੱਚ ਉਹ ਦੁਪਹਿਰ ਦੀ ਰੋਟੀ ਖਾਣੀ ਵੀ ਭੁੱਲ ਗਿਆ। ਹੁਣ ਤਾਂ ਸੰਝ ਹੋ ਗਈ ਸੀ। ਉਸ ਨੇ ਕੁਕੜੀਆਂ ਨੂੰ ਖੁੱਡੇ ਵਿੱਚ ਬੰਦ ਕਰ ਦਿੱਤਾ। ਕੁਝ ਦੇਰ ਪਿੱਛੋਂ ਉਸ ਨੂੰ ਕੁਕੜੀਆਂ ਦੇ ਫੜਫੜਾਉਣ ਦੀ ਅਵਾਜ਼ ਆਈ। ਦੋਵੇਂ ਕੁਕੜੀਆਂ ਲੜ ਰਹੀਆਂ ਸਨ। ਗ਼ੁੱਸੇ ਵਿੱਚ ਉਹਨਾਂ ਦੇ ਖੰਭ ਖੜ੍ਹੇ ਸਨ।

ਕਿਉਂ ਲੜੀਆਂ ਉਹ ?

ਅੱਬੂ ਨੇ ਉਹਨਾਂ ਦੇ ਪੀਣ ਲਈ ਪਾਣੀ ਰੱਖਿਆ ਸੀ। ਭਾਂਡਾ ਛੋਟਾ ਸੀ। ਜੇ ਕੁਕੜੀਆਂ ਵਾਰੀ-ਵਾਰੀ ਪਾਣੀ ਪੀਂਦੀਆਂ ਤਾਂ ਠੀਕ ਸੀ। ਉਹ ਦੋਵੇਂ ਇੱਕੋ ਵੇਲ਼ੇ ਪਾਣੀ ਪੀਣ ਲੱਗੀਆਂ। ਚਿੱਟੀ ਕੁਕੜੀ ਨੇ ਕਿਹਾ, "ਪਹਿਲਾਂ ਮੈਂ ਪੀਵਾਂਗੀ, ਪਾਣੀ।" ਕਾਲ਼ੀ ਕੁਕੜੀ ਪਹਿਲਾਂ ਆਪ ਪਾਣੀ ਪੀਣਾ ਚਾਹੁੰਦੀ ਸੀ। ਫਿਰ ਦੋਵੇਂ ਚੁੰਝੋ-ਚੁੰਝੀ ਲੜਨ ਲੱਗੀਆਂ।

ਅੱਬੂ ਨੇ ਦੇਖਿਆ, ਦੋਂਹਾਂ ਦੇ ਜ਼ਖ਼ਮ ਹੋ ਗਏ ਸਨ। ਉਸ ਨੂੰ ਉਹਨਾਂ ਦਾ ਲੜਨਾ ਚੰਗਾ ਨਹੀਂ ਸੀ ਲੱਗਿਆ। ਉਸ ਨੂੰ ਕਿਸੇ ਦਾ ਵੀ ਲੜਨਾ ਚੰਗਾ ਨਹੀਂ ਸੀ ਲੱਗਦਾ।

ਰਾਤ ਪੈਣ ਵਾਲ਼ੀ ਸੀ। ਅੱਬੂ ਨੇ ਦੋਂਹਾਂ ਕੁਕੜੀਆਂ ਨੂੰ ਖੁੱਡਿਆਂ ਵਿੱਚ ਬੰਦ ਕਰ ਦਿੱਤਾ। ਇੱਕ ਹੀ ਖੁੱਡੇ ਵਿੱਚ ਨਹੀਂ, ਅੱਡ-ਅੱਡ ਖੁੱਡਿਆਂ ਵਿੱਚ। ਅੱਬੂ ਨੂੰ ਡਰ ਸੀ ਕਿ ਉਹ ਮੁੜ ਲੜ ਨਾ ਪੈਣ।

ਅੱਬੂ ਰਾਤ ਭਰ ਕੁਕੜੀਆਂ ਬਾਰੇ ਸੋਚਦਾ ਰਿਹਾ। ਉਸ ਨੇ ਦੋਂਹਾਂ ਨੂੰ ਵੱਖ-ਵੱਖ ਰੱਖਣ ਦਾ ਫ਼ੈਸਲਾ ਕੀਤਾ।

ਦੋ-ਤਿੰਨ ਦਿਨ ਤੋਂ ਕੁਕੜੀਆਂ ਵੱਖ-ਵੱਖ ਖੁੱਡਿਆਂ ਵਿੱਚ ਹੀ ਸਨ। ਅੱਬੂ ਨੇ ਉਹਨਾਂ ਦੀ ਕੁੜ-ਕੁੜ ਵੀ ਨਹੀਂ ਸੀ ਸੁਣੀ। ਚੋਗਾ ਅਤੇ ਪਾਣੀ ਖੁੱਡਿਆਂ ਵਿੱਚ ਹੀ ਹੁੰਦਾ ਸੀ। ਪਰ ਇਹ ਕੀ ? ਕੁਕੜੀਆਂ ਨੂੰ ਜਿਵੇਂ ਭੁੱਖ ਹੀ ਨਾ ਲੱਗਦੀ। ਅੱਬੂ ਨੇ ਉਹਨਾਂ ਨੂੰ ਪਾਣੀ ਪੀਂਦਿਆਂ ਵੀ ਨਾ ਵੇਖਿਆ।

'ਇਸ ਹਾਲਤ ਵਿੱਚ ਇਹਨਾਂ ਨੇ ਆਂਡੇ ਕੀ ਦੇਣੇ ਹਨ,' ਅੱਬੂ ਨੂੰ ਫ਼ਿਕਰ ਹੋ ਗਿਆ।

ਅਗਲੀ ਸਵੇਰ ਅੱਬੂ ਨੇ ਦੋਂਹਾਂ ਨੂੰ ਇੱਕੋ ਖੁੱਡੇ ਵਿੱਚ ਪਾ ਦਿੱਤਾ। ਅੱਬੂ ਹੈਰਾਨ ਸੀ। ਦੋਵੇਂ ਕੁਕੜੀਆਂ ਖ਼ੁਸ਼ ਸਨ। ਉਹ ਪਹਿਲਾਂ ਵਾਂਗ ਚੁੱਪ ਨਹੀਂ ਸਨ। ਕਦੇ ਕਦੇ ਕੁੜ-ਕੁੜ ਕਰਦੀਆਂ ਸਨ। ਉਹ ਚੋਗਾ ਵੀ ਚੁਗਣ ਲੱਗ ਪਈਆਂ ਸਨ। ਉਹਨਾਂ ਨੇ ਪਾਣੀ ਵੀ ਵਾਰੀ-ਵਾਰੀ ਪੀਤਾ। ਉਹ ਰਾਜ਼ੀ ਵੀ ਹੋ ਗਈਆਂ ਸਨ। ਕੀ ਇਹ ਕੁਕੜੀਆਂ ਕਦੇ ਲੜੀਆਂ ਵੀ ਸਨ? ਸੱਚ ਨਹੀਂ ਸੀ ਆਉਂਦਾ।

ਉਹ ਮੁੜ ਕਦੇ ਨਾ ਲੜੀਆਂ। ਉਹ ਪਿਆਰ ਨਾਲ਼ ਰਹਿੰਦੀਆਂ, ਖੁੱਡੇ ਵਿੱਚ ਵੀ ਤੇ ਵਿਹੜੇ ਵਿੱਚ ਵੀ।

"ਇਹ ਕੀ ਕਹਿੰਦੀਆਂ ਹਨ?" ਅੱਬੂ ਸੋਚਦਾ। ਫਿਰ ਆਪ ਹੀ ਕਹਿੰਦਾ, "ਕਾਹਨੂੰ ਲੜਨਾ ਸੀ, ਅਸੀਂ," ਕੁਕੜੀਆਂ ਇਹੋ ਕਹਿੰਦੀਆਂ ਹੋਣਗੀਆਂ। ਉਹ ਖ਼ੁਸ਼ ਸੀ ਕਿ ਕੁਕੜੀਆਂ ਮੁੜ ਕਦੇ ਨਹੀਂ ਲੜੀਆਂ।

## ਪਾਠ-ਅਭਿਆਸ



**1. ਮੌਖਿਕ ਪ੍ਰਸ਼ਨ :**

(ੳ) ਅੱਬੂ ਦੀਆਂ ਕੁਕੜੀਆਂ ਦੇ ਰੰਗ ਕਿਹੜੇ-ਕਿਹੜੇ ਸਨ?

(ਅ) ਅੱਬੂ ਦੀਆਂ ਕੁਕੜੀਆਂ ਕਿਉਂ ਲੜਨ ਲੱਗੀਆਂ?

(ੲ) ਇਸ ਕਹਾਣੀ ਤੋਂ ਸਾਨੂੰ ਕੀ ਸਿੱਖਿਆ ਮਿਲ਼ਦੀ ਹੈ?

**2. ਹੇਠ ਲਿਖੇ ਵਾਕਾਂ ਦੇ ਸਾਮ੍ਹਣੇ ਦਿੱਤੇ ਖ਼ਾਨੇ ਵਿੱਚ ਠੀਕ (✓) ਜਾਂ ਗ਼ਲਤ (×) ਦਾ ਨਿਸ਼ਾਨ ਲਾਓ :**

(ੳ) ਅੱਬੂ ਨੇ ਕੁਕੜੀਆਂ ਦੇ ਪੀਣ ਲਈ ਦੁੱਧ ਰੱਖਿਆ। ☐

(ਅ) ਅੱਬੂ ਨੂੰ ਵਿਹੜੇ ਵਿੱਚ ਚੋਗਾ ਚੁਗਦੀਆਂ ਕੁਕੜੀਆਂ ਚੰਗੀਆਂ ਲੱਗੀਆਂ। ☐

(ੲ) ਅੱਬੂ ਰਾਤ ਭਰ ਕੁਕੜੀਆਂ ਬਾਰੇ ਸੋਚਦਾ ਰਿਹਾ।

(ਸ) ਅੱਬੂ ਨੂੰ ਕੁਕੜੀਆਂ ਦਾ ਲੜਨਾ ਚੰਗਾ **ਲੱਗਾ**।

3. **ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :**

(ੳ) **ਅੱਬੂ ਨੇ ਕਿੰਨੀਆਂ ਕੁਕੜੀਆਂ ਖ਼ਰੀਦੀਆਂ ?**

(ਅ) **ਅੱਬੂ ਨੂੰ ਕੁਕੜੀਆਂ ਦਾ ਕੀ ਕਰਨਾ ਚੰਗਾ ਲੱਗਾ ?**

(ੲ) **ਅੱਬੂ ਨੇ ਕੁਕੜੀਆਂ ਨੂੰ ਕਿੱਥੇ ਬੰਦ ਕੀਤਾ ?**

4. **ਸਮਝੋ ਅਤੇ ਲਿਖੋ :**

ਖੁੱਡਾ : ਖੁੱਡੇ

ਆਂਡਾ : ....................

ਕੁਕੜੀ : ....................

ਭਾਂਡਾ : ....................

ਰੋਟੀ : ....................

ਵਿਹੜਾ : ....................

ਚਿੱਟੀ : ....................

ਚੰਗਾ : ....................

ਕਾਲ਼ੀ : ....................

5. ਸਮਝੋ ਅਤੇ ਲਿਖੋ :





| | | |
|---|---|---|
| ਚਿੱਟਾ | : | ਕਾਲ਼ਾ |
| ਦਿਨ | : | ................ |
| ਸੰਝ | : | ................ |
| ਛੋਟਾ | : | ................ |
| ਖ਼ਰੀਦਣਾ | : | ................ |
| ਲੜਾਈ | : | ................ |

6. ਲਗਾਖਰ ਅਧਕ ( ੱ ) ਦੀ ਵਰਤੋਂ ਵਾਲ਼ੇ ਸ਼ਬਦਾਂ ਨੂੰ ਪਾਠ ਵਿੱਚੋਂ ਚੁਣ ਕੇ ਲਿਖੋ :

................ ................ ................ ................

................ ................ ................ ................



ਆਪਸ ਵਿੱਚ ਰਲ਼-ਮਿਲ਼ ਕੇ ਰਹੋ ।

ਪਾਠ-13

# ਕੋਟਲ਼ਾ-ਛਪਾਕੀ



ਸ਼ਾਮ ਦਾ ਵੇਲ਼ਾ ਸੀ। ਪਿੰਡ ਦੇ ਦਰਵਾਜ਼ੇ ਅੱਗੇ ਬੱਚੇ ਇਕੱਠੇ ਹੋ ਰਹੇ ਸਨ। ਰੋਜ਼ ਵਾਂਗ ਉਹ ਅੱਜ ਵੀ ਖੇਡਣਾ ਚਾਹੁੰਦੇ ਸਨ। ਮੁੰਡੇ ਤੇ ਕੁੜੀਆਂ ਹੱਸ-ਹੱਸ ਗੱਲਾਂ ਕਰਨ ਲੱਗ ਪਏ। ਕੋਈ ਕਹਿਣ ਲੱਗਾ, "ਆਓ ਭੰਡਾ-ਭੰਡਾਰੀਆ ਖੇਡੀਏ।" ਕੋਈ ਕਹਿੰਦਾ, "ਆਓ ਲੁਕਣ-ਮੀਟ੍ਹੀ ਖੇਡੀਏ।" ਕੁੜੀਆਂ ਕਹਿਣ ਲੱਗੀਆਂ, "ਨਹੀਂ-ਨਹੀਂ, ਸਮੁੰਦਰ ਤੇ ਮੱਛੀ।" ਭੋਲੂ ਕਹਿਣ ਲੱਗਾ, "ਡੂੰਮਣਾ-ਮਖਿਆਲ ਖੇਡ ਲਵੋ।"

ਜੀਤੀ ਸਭ ਨੂੰ ਚੁੱਪ ਕਰਵਾਉਂਦੀ ਬੋਲੀ, "ਨਹੀਂ ਬਈ, ਅੱਜ ਤਾਂ ਕੋਟਲ਼ਾ-ਛਪਾਕੀ ਖੇਡਾਂਗੇ।" ਸਾਰੇ ਉਸ ਵੱਲ ਵੇਖਣ ਲੱਗ ਪਏ।

ਭੋਲੂ, ਦੀਪੀ, ਲੱਖੀ, ਕੁੱਕੀ, ਘੋਲਾ, ਰਾਣਾ, ਪੰਮੀ ਤੇ ਬਾਕੀ ਸਾਰੇ ਕਹਿਣ ਲੱਗੇ, "ਹਾਂ, ਬਈ ਹਾਂ! ਅੱਜ ਤਾਂ ਕੋਟਲ਼ਾ-ਛਪਾਕੀ ਹੀ ਖੇਡਾਂਗੇ।"

ਜੀਤੀ ਖ਼ੁਸ਼ ਹੋ ਗਈ ਤੇ ਕਹਿਣ ਲੱਗੀ, "ਆਓ, ਪਹਿਲਾਂ ਦਾਈ ਪੁੱਗ ਲਈਏ।"

ਸਾਰੇ ਜਣੇ ਗੋਲ਼ ਚੱਕਰ ਬਣਾ ਕੇ ਖੜੋ ਗਏ। ਜੀਤੀ ਆਪਣੇ-ਆਪ ਤੋਂ ਸ਼ੁਰੂ ਕਰਕੇ ਸਾਰਿਆਂ ਨੂੰ ਇੰਞ ਗਿਣਨ ਲੱਗੀ :

"ਈਂਗਣ-ਮੀਂਗਣ ਤਲੀ ਤਲੀਂਗਣ
ਕਾਲ਼ਾ-ਪੀਲ਼ਾ ਡੱਕਰਾ।
ਗੁੜ ਖਾਵਾਂ, ਵੇਲ਼ ਵਧਾਵਾਂ
ਮੂਲੀ ਪੱਤਰਾ।
ਪੱਤਰਾਂ ਵਾਲ਼ੇ ਘੋੜੇ ਆਏ
ਹੱਥ ਕਨਾਲ਼ੀ, ਪੈਰ ਕਨਾਲ਼ੀ।
ਨਿਕਲ਼ ਬਾਲਿਆ
ਤੇਰੀ ਵਾਰੀ।"

ਦਾਈ ਰਾਣੇ ਦੇ ਸਿਰ ਆਈ। ਜੀਤੀ ਨੇ ਆਪਣੀ ਚੁੰਨੀ ਨੂੰ ਵੱਟ ਦੇ ਕੇ ਕੋਟਲ਼ਾ ਬਣਾਇਆ ਤੇ ਰਾਣੇ ਨੂੰ ਦੇ ਦਿੱਤਾ। ਬੱਚੇ ਤਾੜੀਆਂ ਮਾਰਦੇ, ਇੱਕ ਗੋਲ਼ ਘੇਰੇ ਵਿੱਚ ਧਰਤੀ ਉੱਤੇ ਬੈਠ ਗਏ। ਸਾਰੇ ਖਿਡਾਰੀ ਘੇਰੇ ਦੇ ਅੰਦਰ ਵੱਲ ਨੂੰ ਮੂੰਹ ਕਰਕੇ ਪੈਰਾਂ ਭਾਰ ਬੈਠ ਗਏ। ਰਾਣਾ ਕੋਟਲ਼ਾ ਹੱਥ ਵਿੱਚ ਫੜ ਕੇ, ਆਪਣੀ ਦਾਈ ਦੇਣ ਲੱਗ ਪਿਆ। ਉਸ ਨੇ ਕੋਟਲ਼ਾ ਆਪਣੇ ਝੱਗੇ (ਕਮੀਜ਼) ਥੱਲੇ ਲੁਕਾ ਲਿਆ ਤੇ ਫਿਰ ਉਹ ਘੇਰੇ ਦੇ ਆਲ਼ੇ-ਦੁਆਲ਼ੇ ਘੁੰਮਣ ਲੱਗਾ। ਸਾਰੇ ਬੱਚੇ ਪਿੱਠਾਂ ਕਰੀ ਚੁਕੰਨੇ ਹੋਏ ਬੈਠੇ ਸਨ।

ਰਾਣਾ ਗੋਲ਼ ਚੱਕਰ ਦੇ ਚੱਕਰ ਕੱਟਦਾ ਹੋਇਆ ਗਾਉਂਦਾ ਹੈ :

"ਕੋਟਲ਼ਾ-ਛਪਾਕੀ ਜੁਮੇਰਾਤ ਆਈ ਏ।"

ਗੋਲ਼ ਘੇਰੇ ਵਿੱਚ ਬੈਠੇ ਸਾਰੇ ਬੱਚੇ ਅੱਗੋਂ ਉੱਤਰ ਦਿੰਦੇ :

"ਜਿਹੜਾ ਅੱਗੇ-ਪਿੱਛੇ ਦੇਖੇ,

ਉਹਦੀ ਸ਼ਾਮਤ ਆਈ ਏ।"

ਰਾਣੇ ਨੇ ਗਾਉਂਦੇ-ਗਾਉਂਦੇ ਕਈ ਚੱਕਰ ਲਾਏ। ਬੈਠੇ ਬੱਚੇ ਘੁਸਰ-ਮੁਸਰ ਕਰਨ ਲੱਗੇ। ਰਾਣੇ ਨੇ ਅਛੋਪਲ਼ੇ ਜਿਹੇ ਕੋਟਲ਼ਾ ਪੰਮੀ ਦੇ ਪਿੱਛੇ ਰੱਖ ਦਿੱਤਾ। ਪੰਮੀ ਨੂੰ ਪਤਾ ਨਾ ਲੱਗਾ। ਰਾਣੇ ਨੇ ਚੱਕਰ ਪੂਰਾ ਕਰਕੇ ਪੰਮੀ ਦੇ ਪਿੱਛੋਂ ਕੋਟਲ਼ਾ ਚੁੱਕਿਆ ਤੇ ਉਸ ਦੀ ਪਿੱਠ ਉੱਤੇ ਮਾਰਨਾ ਸ਼ੁਰੂ ਕਰ ਦਿੱਤਾ। ਪੰਮੀ ਝੱਟ ਉੱਠ ਦੌੜੀ ਤੇ ਘੇਰੇ ਦੇ ਆਲ਼ੇ-ਦੁਆਲ਼ੇ ਚੱਕਰ ਕੱਟਣ ਲੱਗੀ। ਸਾਰੇ ਬੱਚੇ ਹੱਸਣ ਲੱਗੇ। ਅੱਗੇ-ਅੱਗੇ ਪੰਮੀ ਤੇ ਪਿੱਛੇ-ਪਿੱਛੇ ਰਾਣਾ। ਪੰਮੀ ਨੂੰ ਕਈ ਕੋਟਲ਼ੇ ਖਾਣੇ ਪਏ। ਆਖ਼ਰ ਉਸ ਨੇ ਆਪਣੀ ਥਾਂ ਮੱਲ ਲਈ।

ਰਾਣਾ ਕੋਟਲ਼ਾ ਲੈ ਕੇ ਫੇਰ ਦਾਈ ਦੇਣ ਲੱਗਾ ਤੇ ਗਾਉਣ ਲੱਗਾ। ਇਸ ਵਾਰੀ ਉਸ ਨੇ ਕੋਟਲ਼ਾ ਭੋਲੂ ਪਿੱਛੇ ਰੱਖ ਦਿੱਤਾ। ਅਜੇ ਰਾਣਾ ਤੇਜ਼ ਦੌੜਨ ਹੀ ਲੱਗਾ ਸੀ ਕਿ ਭੋਲੂ ਨੂੰ ਝੱਟ ਪਤਾ ਲੱਗ ਗਿਆ। ਉਹ ਕੋਟਲ਼ਾ ਚੁੱਕ ਕੇ ਰਾਣੇ ਦੇ ਪਿੱਛੇ ਦੌੜ ਪਿਆ। ਦੋ-ਤਿੰਨ ਕੋਟਲ਼ੇ ਰਾਣੇ ਦੀ ਪਿੱਠ ਉੱਤੇ ਪਏ। ਸਾਰੇ ਖ਼ੂਬ ਹੱਸ-ਹੱਸ ਰੌਲ਼ਾ ਪਾ ਰਹੇ ਸਨ। ਰਾਣੇ ਨੇ ਚੱਕਰ ਕੱਟ ਕੇ ਭੋਲੂ ਵਾਲ਼ੀ ਥਾਂ ਮੱਲ ਲਈ ਤੇ ਨਿਚੱਲਾ ਹੋ ਕੇ ਬੈਠ ਗਿਆ।

ਹੁਣ ਭੋਲੂ ਕੋਟਲ਼ਾ ਲੈ ਕੇ ਦਾਈ ਦੇਣ ਲੱਗਾ। ਸਾਰੇ ਚੌਕਸ ਹੋ ਗਏ। ਹਰ ਕੋਈ ਟੇਢਾ ਵੇਖ ਕੇ ਆਪਣੇ ਪਿੱਛੇ ਕੋਟਲ਼ੇ ਦੀ ਦਾਈ ਦੇਣ ਦੀ ਉਡੀਕ ਕਰਨ ਲੱਗਾ।

ਜਿੰਨੀ ਦੇਰ ਉਹ ਦੌੜਦੇ ਗਏ, ਸਾਰੇ ਬੱਚੇ ਗਾਉਂਦੇ ਰਹੇ। ਭੋਲੂ ਚੱਕਰ ਲਾ ਰਿਹਾ ਸੀ ਤੇ ਗਾ ਰਿਹਾ ਸੀ, "ਕੋਟਲ਼ਾ-ਛਪਾਕੀ ਜੁਮੇਰਾਤ ਆਈ ਏ।" ਅੱਗੋਂ ਸਾਰੇ ਬੱਚੇ ਉੱਚੀ-ਉੱਚੀ ਬੋਲਦੇ :

"ਜਿਹੜਾ ਅੱਗੇ-ਪਿੱਛੇ ਦੇਖੇ,
ਉਹਦੀ ਸ਼ਾਮਤ ਆਈ ਏ।"

ਭੋਲੂ ਚਾਹੁੰਦਾ ਸੀ ਕਿ ਉਹ ਜਿਸ ਪਿੱਛੇ ਕੋਟਲ਼ਾ ਰੱਖੇ, ਉਸ ਦਾ ਕਿਸੇ ਨੂੰ ਪਤਾ ਨਾ ਲੱਗੇ। ਇੰਞ ਉਸ ਨੇ ਗਾਉਂਦੇ-ਗਾਉਂਦੇ ਕਈ ਚੱਕਰ ਲਾਏ ਤੇ ਖੇਡ ਮਘਦੀ ਰਹੀ। ਇਸ ਵਾਰੀ ਕੋਟਲ਼ਾ ਜੀਤੀ ਪਿੱਛੇ ਪਿਆ ਸੀ। ਜੀਤੀ ਨੂੰ ਝੱਟ ਹੀ ਪਤਾ ਲੱਗ ਗਿਆ। ਉਹ ਕੋਟਲ਼ਾ ਚੁੱਕ ਕੇ ਤੇਜ਼ੀ ਨਾਲ਼ ਦੌੜੀ। ਅੱਗੇ-ਅੱਗੇ ਭੋਲੂ ਤੇ ਪਿੱਛੇ-ਪਿੱਛੇ ਜੀਤੀ। ਸਾਰੇ ਹੱਸ-ਹੱਸ ਰੌਲ਼ਾ ਪਾ ਰਹੇ ਸਨ। ਕੋਟਲ਼ਾ ਖਾਣ ਤੋਂ ਪਹਿਲਾਂ ਹੀ ਭੋਲੂ ਚੱਕਰ ਕੱਟ ਕੇ ਜੀਤੀ ਦੀ ਥਾਂ ਉੱਤੇ ਆ ਬੈਠਾ।

ਹੁਣ ਜੀਤੀ ਮੁੜ ਦਾਈ ਦੇਣ ਲੱਗੀ ਤੇ ਚੱਕਰ ਲਾਉਣ ਲੱਗੀ। ਕਦੇ ਹੌਲ਼ੀ ਤੇ ਕਦੇ ਤੇਜ਼ ਦੌੜਦੀ ਹੋਈ ਜੀਤੀ ਗਾਉਣ ਲੱਗੀ :

"ਕੋਟਲ਼ਾ-ਛਪਾਕੀ ਜੁਮੇਰਾਤ ਆਈ ਏ"

ਅੱਗੋਂ ਬੱਚੇ ਉੱਚੀ-ਉੱਚੀ ਬੋਲ ਕੇ ਜਵਾਬ ਦਿੰਦੇ :

"ਜਿਹੜਾ ਅੱਗੇ-ਪਿੱਛੇ ਦੇਖੇ,
ਉਹਦੀ ਸ਼ਾਮਤ ਆਈ ਏ।"

ਹਰ ਕੋਈ ਆਪਣੀ ਦਾਈ ਦੀ ਤਾਕ ਵਿੱਚ ਸੀ। ਇੰਞ ਖੇਡ ਚੱਲਦੀ ਰਹੀ ਤੇ ਬੱਚੇ ਅਨੰਦ ਮਾਣਦੇ ਰਹੇ।

## ਪਾਠ-ਅਭਿਆਸ



1. ਠੀਕ ਉੱਤਰ ਦੇ ਸਾਮ੍ਹਣੇ ਸਹੀ (✓) ਦਾ ਨਿਸ਼ਾਨ ਲਗਾਓ :

(ੳ) ਪਹਿਲੀ ਵਾਰੀ ਕਿਸ ਦੇ ਸਿਰ ਆਈ?

ਜੀਤੀ ਦੇ ☐ ਰਾਣੇ ਦੇ ☐ ਭੋਲੂ ਦੇ ☐

(ਅ) ਜੀਤੀ ਨੇ ਕੋਟਲ਼ਾ ਕਿਸ ਚੀਜ਼ ਦਾ ਬਣਾਇਆ?

ਰੱਸੀ ਦਾ ☐ ਚੁੰਨੀ ਦਾ ☐ ਸੋਟੀ ਦਾ ☐

(ੲ) **ਬੱਚੇ ਕਿਸ ਵੇਲ਼ੇ ਕੋਟਲ਼ਾ-ਛਪਾਕੀ ਖੇਡੇ?**

ਸ਼ਾਮ ਵੇਲ਼ੇ ☐ ਦੁਪਹਿਰ ਵੇਲ਼ੇ ☐ ਸਵੇਰ ਵੇਲ਼ੇ ☐

(ਸ) **ਰਾਣੇ ਨੇ ਕੋਟਲ਼ਾ ਕਿਸ ਦੇ ਪਿੱਛੇ ਰੱਖਿਆ?**

ਦੀਪੀ ਦੇ ☐ ਭੋਲੂ ਦੇ ☐ ਪੰਮੀ ਦੇ ☐

## 2. ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :

(ੳ) ਜੀਤੀ ਨੇ ........................ ਖੇਡ ਖੇਡਣ ਲਈ ਕਿਹਾ। (ਭੰਡਾ–ਭੰਡਾਰੀਆ / ਕੋਟਲ਼ਾ–ਛਪਾਕੀ)

(ਅ) ਪੱਤਰਾਂ ਵਾਲ਼ੇ ........................ ਆਏ। (ਘੋੜੇ / ਹਾਥੀ)

(ੲ) ਰਾਣੇ ਨੇ ਕੋਟਲ਼ਾ ........................ ਥੱਲੇ ਲੁਕਾ ਲਿਆ। (ਝੱਗੇ / ਪਜਾਮੇ)

(ਸ) ਕੋਟਲ਼ਾ–ਛਪਾਕੀ ........................ ਆਈ ਏ। (ਕਾਲ਼ੀ ਰਾਤ / ਜੁਮੇਰਾਤ)

(ਹ) ਸਾਰੇ ਬੱਚੇ ........................ ਲੱਗੇ। (ਹੱਸਣ / ਰੋਣ)

## 3. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :

(ੳ) **ਇਸ ਪਾਠ ਵਿੱਚ ਆਈਆਂ ਖੇਡਾਂ ਦੇ ਨਾਂ ਲਿਖੋ।**

........................................................................................................

(ਅ) **ਕੋਟਲ਼ਾ-ਛਪਾਕੀ ਖੇਡਣ ਲਈ ਕਿਸ ਨੇ ਕਿਹਾ?**

........................................................................................................

(ੲ) **ਪਹਿਲੀ ਦਾਈ ਕਿਸ ਦੇ ਸਿਰ ਆਈ?**

..............................................................................

(ਸ) **ਜੀਤੀ ਨੇ ਕੋਟਲ਼ਾ ਕਿਸ ਚੀਜ਼ ਦਾ ਬਣਾਇਆ?**

..............................................................................

(ਹ) **ਕੋਟਲ਼ਾ-ਛਪਾਕੀ ਖੇਡਣ ਵੇਲ਼ੇ ਬੱਚੇ ਕੀ ਗਾਉਂਦੇ ਹਨ?**

..............................................................................

## 4. ਮਿਲਾਣ ਕਰੋ :

| | |
|---|---|
| (ੳ) ਭੰਡਾ | ਮੀਂਗਣ |
| (ਅ) ਕੋਟਲ਼ਾ | ਭੰਡਾਰੀਆ |
| (ੲ) ਆਲ਼ੇ | ਛਪਾਕੀ |
| (ਸ) ਈਂਗਣ | ਦੁਆਲ਼ੇ |

## 5. ਅੱਖਰ ਓਹੀ ਸ਼ਬਦ ਨਵੇਂ :

ਰੋਜ਼ : ਜ਼ੋਰ

ਤੇਰੀ : .................... ਰਾਤ : ....................

ਜੀਤੀ : .................... ਵਾਰੀ : ....................

## 6. ਪੜ੍ਹੋ ਅਤੇ ਸਮਝੋ :

| | | | | | |
|---|---|---|---|---|---|
| ਦਾਈ | : | ਵਾਰੀ / ਮੀਟੀ | ਅਛੋਪਲ਼ੇ | : | ਹੌਲ਼ੀ ਜਿਹੇ |
| ਝੱਗਾ | : | ਕਮੀਜ਼ / ਕੁੜਤਾ | ਚੌਕਸ | : | ਚੁਕੰਨੇ, ਸਾਵਧਾਨ |
| ਸ਼ਾਮਤ | : | ਮੁਸੀਬਤ, ਬਿਪਤਾ | ਤਾਕ | : | ਝਾਕ, ਉਡੀਕ ਵਿੱਚ |
| ਅਨੰਦ | : | ਖ਼ੁਸ਼ੀ | ਨਿਚੱਲਾ | : | ਟਿਕ ਕੇ, ਬਿਨਾਂ ਹਰਕਤ ਤੋਂ, ਚੁੱਪ-ਚਾਪ |

# ਕੁਝ ਹੋਰ ਲੋਕ-ਖੇਡਾਂ











ਅਧਿਆਪਕ ਵਿਦਿਆਰਥੀਆਂ ਨੂੰ ਸਕੂਲ ਦੇ ਮੈਦਾਨ ਵਿੱਚ ਲੋਕ-ਖੇਡਾਂ ਖਿਡਾਵੇ।

ਪਾਠ-14

# ਰੁੱਖ ਲਗਾਈਏ ਰੁੱਖ



ਰੁੱਖ ਲਗਾਈਏ ਰੁੱਖ, ਬੇਲੀਓ!
ਰੁੱਖ ਲਗਾਈਏ ਰੁੱਖ।
ਫੇਰ ਮਿਲ਼ੇਗਾ ਸੁੱਖ, ਬੇਲੀਓ!
ਫੇਰ ਮਿਲ਼ੇਗਾ ਸੁੱਖ।

ਰੁੱਖਾਂ ਬਿਨ ਨਾ ਸੋਂਹਦੀ ਧਰਤੀ
ਰੁੱਖ ਵੱਢੀਏ ਤਾਂ ਰੋਂਦੀ ਧਰਤੀ
ਰੁੱਖ ਨੇ ਇਹਦੇ ਧੀਆਂ-ਪੁੱਤ, ਬੇਲੀਓ!
ਰੁੱਖ ਨੇ ਇਹਦੇ ਧੀਆਂ-ਪੁੱਤ।

ਰੁੱਖਾਂ ਤੋਂ ਮੈਂ ਸਦਕੇ ਜਾਵਾਂ
ਦਿੰਦੇ ਸਾਨੂੰ ਠੰਢੀਆਂ ਛਾਂਵਾਂ
ਆਪ ਹੰਢਾਉਂਦੇ ਧੁੱਪ, ਬੇਲੀਓ!
ਆਪ ਹੰਢਾਉਂਦੇ ਧੁੱਪ।

ਸਾਫ਼ ਰਹੇਗਾ ਪੌਣ ਤੇ ਪਾਣੀ
ਵਧੇ-ਫੁੱਲੇਗੀ ਕੁਦਰਤ ਰਾਣੀ
ਜੇ ਲਾਵਾਂਗੇ ਰੁੱਖ, ਬੇਲੀਓ!
ਜੇ ਲਾਵਾਂਗੇ ਰੁੱਖ।

ਰੁੱਖ ਲਗਾਈਏ ਰੁੱਖ, ਬੇਲੀਓ।
ਰੁੱਖ ਲਗਾਈਏ ਰੁੱਖ।
ਫੇਰ ਮਿਲ਼ੇਗਾ ਸੁੱਖ, ਬੇਲੀਓ!
ਫੇਰ ਮਿਲ਼ੇਗਾ ਸੁੱਖ।

## ਪਾਠ-ਅਭਿਆਸ



**1. ਹੇਠ ਲਿਖੀਆਂ ਸਤਰਾਂ ਪੂਰੀਆਂ ਕਰੋ :**

(ੳ) ਰੁੱਖਾਂ ਬਿਨ ਨਾ ਸੋਂਹਦੀ ਧਰਤੀ


ਰੁੱਖ ਵੱਢੀਏ ਤਾਂ ..............................

(ਅ) ਰੁੱਖਾਂ ਤੋਂ ਮੈਂ ..............................

ਦਿੰਦੇ ਸਾਨੂੰ ..............................

(ੲ) ਸਾਫ਼ ਰਹੇਗਾ ਪੌਣ ਤੇ ਪਾਣੀ

ਵਧੇ-ਫੁੱਲੇਗੀ ..............................



**2. ਹੇਠ ਲਿਖੇ ਵਾਕਾਂ ਦੇ ਸਾਮ੍ਹਣੇ ਦਿੱਤੇ ਖ਼ਾਨੇ ਵਿੱਚ ਠੀਕ (✓) ਜਾਂ ਗ਼ਲਤ (×) ਦਾ ਨਿਸ਼ਾਨ ਲਾਓ :**

(ੳ) ਸਾਨੂੰ ਰੁੱਖ ਪੁੱਟਣੇ ਚਾਹੀਦੇ ਹਨ। ☐

(ਅ) ਰੁੱਖ ਸਾਨੂੰ ਠੰਢੀਆਂ ਛਾਂਵਾਂ ਦਿੰਦੇ ਹਨ। ☐

(ੲ) ਰੁੱਖ ਵੱਢਣ 'ਤੇ ਧਰਤੀ ਰੋਂਦੀ ਹੈ। ☐


(ਸ) ਰੁੱਖ ਹਵਾ ਨੂੰ ਗੰਦਾ ਕਰਦੇ ਹਨ। ☐

## 3. ਰਚਨਾਤਮਿਕ ਕਾਰਜ

ਰੁੱਖਾਂ
ਦੇ
ਨਾਂ

## 4. ਹੇਠ ਲਿਖੇ ਸ਼ਬਦਾਂ ਦੇ ਜੋੜੇ ਬਣਾਓ :

| | |
|---|---|
| ਧੀਆਂ | ਰਾਣੀ |
| ਠੰਢੀਆਂ | ਪੁੱਤ |
| ਪੌਣ | ਛਾਂਵਾਂ |
| ਕੁਦਰਤ | ਪਾਣੀ |



## 5. ਸਮਝੋ ਅਤੇ ਲਿਖੋ :

ਸੁੱਖ : ਦੁੱਖ

ਵਧੇ :

ਸਾਫ਼ :

ਰੋਂਦੀ :

## 6. ਲੈਅ ਵਾਲ਼ੇ ਸ਼ਬਦ ਲਿਖੋ:

ਰੁੱਖ : ਸੁੱਖ ਦੁੱਖ

ਸੋਂਹਦੀ : ................ ................

ਜਾਵਾਂ : ................ ................

ਪਾਣੀ : ................ ................

## 7. ਸੁੰਦਰ ਕਰਕੇ ਲਿਖੋ :

ਰੁੱਖ ਲਗਾਈਏ ਰੁੱਖ, ਬੇਲੀਓ!

................................................................





**ਆਪਣੇ ਘਰ ਜਾਂ ਸਕੂਲ ਦੀ ਬਗ਼ੀਚੀ ਵਿੱਚ ਕੋਈ ਰੁੱਖ ਲਗਾਓ ਤੇ ਉਸ ਦੀ ਦੇਖ-ਭਾਲ਼ ਕਰੋ।**




# ਦਸਹਿਰਾ

ਅੱਜ ਦਸਹਿਰਾ ਹੈ। ਸ਼ਹਿਰ ਦੇ ਖੁੱਲ੍ਹੇ ਮੈਦਾਨ ਵਿੱਚ ਮੇਲਾ ਲੱਗਿਆ ਹੋਇਆ ਹੈ। ਮੈਂ ਅਤੇ ਮੇਰੀ ਛੋਟੀ ਭੈਣ ਨੀਲੂ ਸ਼ਾਮ ਨੂੰ ਮੇਲਾ ਦੇਖਣ ਜਾਵਾਂਗੇ।

ਸਵੇਰੇ-ਸਵੇਰੇ ਨ੍ਹਾ-ਧੋ ਕੇ ਅਸੀਂ ਨਵੇਂ ਕੱਪੜੇ ਪਾਏ। ਮੈਂ ਆਪਣੇ ਵੀਰ ਦੀ ਪੱਗ ਵਿੱਚ ਜੌਂ ਟੰਗੇ। ਇਹ ਜੌਂ ਅਸੀਂ ਪਹਿਲੇ ਨਰਾਤੇ ਨੂੰ ਬੀਜੇ ਸਨ। ਨੌਂ ਨਰਾਤੇ ਅਤੇ ਦਸਵਾਂ ਦਸਹਿਰਾ ਹੁੰਦਾ ਹੈ। ਦਸਹਿਰਾ ਦਿਵਾਲ਼ੀ ਤੋਂ ਵੀਹ ਦਿਨ ਪਹਿਲਾਂ ਆਉਂਦਾ ਹੈ। ਦਸਹਿਰੇ ਵਾਲ਼ੇ ਦਿਨ ਨੂੰ 'ਵਿਜੇ-ਦਸਮੀ' ਵੀ ਆਖਦੇ ਹਨ।

ਪਿਤਾ ਜੀ ਨੇ ਦੱਸਿਆ ਕਿ ਮੇਲਾ ਦਸਹਿਰਾ-ਗ੍ਰਾਊਂਡ ਵਿੱਚ ਲੱਗਿਆ ਹੋਇਆ ਹੈ। ਅਸੀਂ ਦੁਪਹਿਰ ਦੀ ਰੋਟੀ ਖਾਧੀ। ਕੁਝ ਚਿਰ ਅਰਾਮ ਕੀਤਾ। ਸ਼ਾਮ ਨੂੰ ਅਸੀਂ ਫਿਰ ਦਸਹਿਰਾ-ਮੇਲਾ ਦੇਖਣ ਲਈ ਤਿਆਰ ਹੋ ਗਏ। ਤੁਰਦੇ-ਤੁਰਦੇ ਅਸੀਂ ਦਸਹਿਰਾ-ਗ੍ਰਾਊਂਡ ਪਹੁੰਚ ਗਏ। ਪਿਤਾ ਜੀ ਨੇ ਕਿਹਾ, "ਦੇਖੋ! ਮੇਲੇ ਵਿੱਚ ਕਿੰਨੀ ਰੌਣਕ ਹੈ।" ਬਹੁਤ ਲੋਕ ਮੇਲਾ ਦੇਖਣ ਆਏ ਹੋਏ ਸਨ। ਕੁਝ ਲੋਕ ਹੁਣ ਵੀ ਆ ਰਹੇ ਸਨ।

ਗ੍ਰਾਊਂਡ ਵਿੱਚ ਕੁਝ ਦੂਰੀ ਉੱਤੇ ਤਿੰਨ ਵੱਡੇ ਪੁਤਲੇ ਖੜ੍ਹੇ ਸਨ। ਇਹ ਰਾਵਣ, ਮੇਘਨਾਥ ਅਤੇ ਕੁੰਭਕਰਨ ਦੇ ਪੁਤਲੇ ਸਨ। ਪਿਤਾ ਜੀ ਨੇ ਦੱਸਿਆ, "ਇਹ ਪੁਤਲੇ ਕਾਗ਼ਜ਼, ਕੱਪੜੇ ਅਤੇ ਬਾਂਸ ਦੇ ਬਣੇ ਹੋਏ ਹਨ। ਇਹਨਾਂ ਪੁਤਲਿਆਂ ਵਿੱਚ ਪਟਾਕੇ ਅਤੇ ਆਤਸ਼ਬਾਜ਼ੀ ਭਰੀ ਹੋਈ ਹੈ।"

ਮੇਲੇ ਵਿੱਚ ਮਿਠਿਆਈਆਂ, ਖਿਡੌਣਿਆਂ ਅਤੇ ਮੁਨਿਆਰੀ ਦੀਆਂ ਦੁਕਾਨਾਂ ਸਜੀਆਂ ਹੋਈਆਂ ਸਨ। ਮਿਠਿਆਈਆਂ ਦੀਆਂ ਦੁਕਾਨਾਂ ਤੋਂ ਲੋਕ ਮਿਠਿਆਈ ਖ਼ਰੀਦ ਰਹੇ ਸਨ। ਖਿਡੌਣਿਆਂ ਦੀਆਂ ਦੁਕਾਨਾਂ ਤੋਂ ਬੱਚੇ ਆਪਣੀ

ਮਨਪਸੰਦ ਦੇ ਖਿਡੌਣੇ ਖ਼ਰੀਦ ਰਹੇ ਸਨ। ਬੱਚੇ ਮਖੌਟੇ ਦੇਖ-ਦੇਖ ਖ਼ੁਸ਼ ਹੋ ਰਹੇ ਸਨ। ਮੈਂ ਆਪਣੀ ਭੈਣ ਨੂੰ ਇੱਕ ਤੀਰ-ਕਮਾਨ ਖ਼ਰੀਦ ਕੇ ਦਿੱਤਾ।

ਕੁਝ ਬੱਚੇ ਝੂਲਿਆਂ ਉੱਤੇ ਝੂਟੇ ਲੈ ਰਹੇ ਸਨ। ਅਸੀਂ ਵੀ ਇੱਕ ਝੂਲੇ ਉੱਤੇ ਝੂਟੇ ਲਏ।



ਥੋੜ੍ਹੀ ਦੇਰ ਬਾਅਦ ਸ੍ਰੀ ਰਾਮ ਚੰਦਰ ਜੀ, ਲਛਮਣ ਅਤੇ ਸੀਤਾ ਜੀ ਦੀਆਂ ਝਾਕੀਆਂ ਆਈਆਂ। ਹਨੂਮਾਨ ਜੀ ਦੀ ਸੈਨਾ ਵੀ ਨਾਲ਼ ਸੀ।

ਪਿਤਾ ਜੀ ਨੇ ਦੱਸਿਆ ਕਿ ਸ੍ਰੀ ਰਾਮ ਚੰਦਰ ਜੀ ਨੇ ਰਾਵਣ ਉੱਤੇ ਜਿੱਤ ਪ੍ਰਾਪਤ ਕੀਤੀ ਸੀ। ਰਾਵਣ ਲੰਕਾ ਦਾ ਰਾਜਾ ਸੀ।

ਪਿਤਾ ਜੀ ਨੇ ਕਿਹਾ, "ਦੇਖੋ ! ਰਾਮ ਅਤੇ ਰਾਵਣ ਦੀ ਲੜਾਈ ਹੋ ਰਹੀ ਹੈ।"

ਰਾਮ ਨੇ ਰਾਵਣ ਦੇ ਪੁਤਲੇ ਵੱਲ ਤੀਰ ਚਲਾਇਆ। ਵਾਰੀ-ਵਾਰੀ ਪੁਤਲਿਆਂ ਨੂੰ ਅੱਗ ਲਾਈ ਗਈ। ਕਾਅੜ----ਕਾਅੜ------ਪਟਾਕਿਆਂ ਦੀਆਂ ਅਵਾਜ਼ਾਂ ਆਉਣ ਲੱਗੀਆਂ। ਬੱਚੇ ਠਾਹ-ਠਾਹ ਦੀ ਅਵਾਜ਼ ਸੁਣ ਕੇ ਖ਼ੁਸ਼ ਹੋ ਰਹੇ ਸਨ।

ਪਿਤਾ ਜੀ ਨੇ ਸਾਡੇ ਲਈ ਮਿਠਿਆਈ ਖ਼ਰੀਦੀ। ਅਸੀਂ ਮਿਠਿਆਈ ਖਾਧੀ। ਫੇਰ ਅਸੀਂ ਆਪਣੀਆਂ ਖ਼ਰੀਦੀਆਂ ਚੀਜ਼ਾਂ ਚੁੱਕੀ ਘਰ ਮੁੜ ਆਏ।

## ਪਾਠ-ਅਭਿਆਸ



1. ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :

(ੳ) ਨੌਂ ਨਰਾਤੇ ਅਤੇ ਦਸਵਾਂ .................... ਹੁੰਦਾ ਹੈ। (ਦਸਹਿਰਾ / ਦਿਵਾਲ਼ੀ)

(ਅ) ਦਸਹਿਰਾ .................... ਤੋਂ ਵੀਹ ਦਿਨ ਪਹਿਲਾਂ ਆਉਂਦਾ ਹੈ। (ਦਿਵਾਲ਼ੀ / ਲੋਹੜੀ)

(ੲ) ਬੱਚੇ .................... ਦੇਖ-ਦੇਖ ਖ਼ੁਸ਼ ਹੋ ਰਹੇ ਸਨ। (ਮਖੌਟੇ / ਲੋਕ)

(ਸ) ਮੈਂ ਆਪਣੀ ਭੈਣ ਨੂੰ ਇੱਕ .................... ਖ਼ਰੀਦ ਕੇ ਦਿੱਤਾ। (ਜਹਾਜ਼ / ਤੀਰ-ਕਮਾਨ)

(ਹ) ਰਾਵਣ .................... ਦਾ ਰਾਜਾ ਸੀ। (ਅਯੁੱਧਿਆ / ਲੰਕਾ)

2. **ਹੇਠ ਲਿਖੇ ਵਾਕਾਂ ਦੇ ਸਾਮ੍ਹਣੇ ਦਿੱਤੇ ਖ਼ਾਨੇ ਵਿੱਚ ਠੀਕ (✓) ਜਾਂ ਗ਼ਲਤ (×) ਦਾ ਨਿਸ਼ਾਨ ਲਾਓ :**

(ੳ) ਨੌਂ ਨਰਾਤੇ ਤੇ ਦਸਵਾਂ ਦਸਹਿਰਾ ਹੁੰਦਾ ਹੈ।

(ਅ) ਦਸਹਿਰਾ ਦਿਵਾਲ਼ੀ ਤੋਂ ਵੀਹ ਦਿਨ ਬਾਅਦ ਆਉਂਦਾ ਹੈ।

(ੲ) ਗ੍ਰਾਊਂਡ ਵਿੱਚ ਰਾਮ, ਮੇਘਨਾਥ ਅਤੇ ਕੁੰਭਕਰਨ ਦੇ ਪੁਤਲੇ ਸਨ।

(ਸ) ਬੱਚੇ ਮਖੌਟੇ ਦੇਖ-ਦੇਖ ਖ਼ੁਸ਼ ਹੋ ਰਹੇ ਸਨ।

(ਹ) ਮੈਂ ਆਪਣੇ ਵੀਰ ਨੂੰ ਫ਼ੁਟਬਾਲ ਲੈ ਕੇ ਦਿੱਤਾ।

(ਕ) ਕੁਝ ਬੱਚੇ ਝੂਲਿਆਂ ਉੱਤੇ ਝੂਟੇ ਲੈ ਰਹੇ ਸਨ।

(ਖ) ਹਨੂਮਾਨ ਲੰਕਾ ਦਾ ਰਾਜਾ ਸੀ।

(ਗ) ਬੱਚੇ ਠਾਹ-ਠਾਹ ਦੀ ਅਵਾਜ਼ ਸੁਣ ਕੇ ਖ਼ੁਸ਼ ਹੋ ਗਏ।

3. **ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :**

(ੳ) **ਦਸਹਿਰੇ ਦਾ ਮੇਲਾ ਕਿੱਥੇ ਲੱਗਾ ਹੋਇਆ ਸੀ ?**

(ਅ) **ਦਸਹਿਰਾ ਦਿਵਾਲ਼ੀ ਤੋਂ ਕਿੰਨੇ ਦਿਨ ਪਹਿਲਾਂ ਆਉਂਦਾ ਹੈ ?**

(ੲ) **ਦਸਹਿਰੇ ਵਾਲ਼ੇ ਦਿਨ ਨੂੰ ਹੋਰ ਕੀ ਆਖਦੇ ਹਨ?**

(ਸ) **ਗ੍ਰਾਊਂਡ ਵਿੱਚ ਕਿੰਨੇ ਪੁਤਲੇ ਸਨ? ਉਹਨਾਂ ਦੇ ਨਾਂ ਲਿਖੋ।**

(ਹ) **ਪੁਤਲੇ ਕਿਹੜੀਆਂ ਚੀਜ਼ਾਂ ਦੇ ਬਣੇ ਹੋਏ ਸਨ?**

(ਕ) **ਪੁਤਲਿਆਂ ਵਿੱਚ ਕੀ ਭਰਿਆ ਹੋਇਆ ਸੀ?**

(ਖ) **ਮੇਲੇ ਵਿੱਚ ਕਿਹੜੀਆਂ-ਕਿਹੜੀਆਂ ਦੁਕਾਨਾਂ ਸਨ?**

**4. ਸਮਝੋ ਅਤੇ ਲਿਖੋ :**

| | | | | | |
|---|---|---|---|---|---|
| **ਮੇਲਾ** | : | **ਮੇਲੇ** | ਪਟਾਕਾ | : | |
| ਝੂਟਾ | : | | ਪੁਤਲਾ | : | |
| ਕੱਪੜਾ | : | | ਰੋਟੀ | : | |

ਖਿਡੌਣਾ : ____________ ਝਾਕੀ : ____________

ਮਖੌਟਾ : ____________ ਮਿਠਿਆਈ : ____________

**5. ਪਾਠ ਵਿੱਚੋਂ ਉਹ ਸ਼ਬਦ ਚੁਣ ਕੇ ਲਿਖੋ ਜਿਨ੍ਹਾਂ ਦੇ ਪੈਰ ਵਿੱਚ ਰਾਰਾ ( ੍ਰ ) ਅਤੇ ਹਾਹਾ ( ੍ਹ ) ਦੀ ਵਰਤੋਂ ਕੀਤੀ ਗਈ ਹੈ।**

______________________________________________

______________________________________________

______________________________________________

**ਅਧਿਆਪਕ ਲਈ :**
ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਜਾਵੇ ਕਿ ਵਾਤਾਵਰਨ ਨੂੰ ਜੋ ਚੀਜ਼ਾਂ ਪ੍ਰਦੂਸ਼ਿਤ ਕਰਦੀਆਂ ਹਨ, ਉਹਨਾਂ ਤੋਂ ਗੁਰੇਜ਼ ਕੀਤਾ ਜਾਵੇ ਅਤੇ ਨਾਲ਼ ਹੀ ਵਾਤਾਵਰਨ ਨੂੰ ਵੀ ਸ਼ੁੱਧ ਰੱਖਿਆ ਜਾਵੇ।



**ਆਪਣੇ ਮਾਤਾ-ਪਿਤਾ ਨਾਲ਼ ਦਸਹਿਰੇ ਦਾ ਮੇਲਾ ਦੇਖਣ ਜਾਓ।**

## ਪਾਠ-16

# ਹਰੀਆਂ ਸਬਜ਼ੀਆਂ




ਸਬਜ਼ੀ ਵਾਲ਼ੇ ਹੋਕਾ ਲਾਇਆ,
ਉੱਚੀ-ਉੱਚੀ ਆਖ ਸੁਣਾਇਆ।
ਸਬਜ਼ੀ ਲੈ ਲਓ, ਤਾਜ਼ੀ ਭਾਈ,
ਸਿਹਤ ਬਣੂ, ਸ਼ੱਕ ਰਤਾ ਨਾ ਕਾਈ।

ਹਰੀਆਂ ਸਬਜ਼ੀਆਂ ਲੈ ਕੇ ਆਇਆ,
ਮੁੱਲ ਨਾ ਕੋਈ ਬਹੁਤਾ ਲਾਇਆ।
ਚੰਗੀ ਸਿਹਤ ਦਾ ਇਹ ਰਾਜ਼,
ਤੰਦਰੁਸਤੀ ਦਾ ਪਾਉਂਦੀਆਂ ਤਾਜ।


ਸਭ ਸਬਜ਼ੀਆਂ ਨੇ ਮੇਰੇ ਕੋਲ਼,
ਕੁਝ ਲੰਮੀਆਂ, ਕੁਝ ਗੋਲ਼-ਮਟੋਲ਼।
ਕੱਦੂ, ਪੇਠਾ, ਘੀਆ, ਤੋਰੀ,
ਫੇਰ ਨੀ ਮਿਲਣੀ ਰਹਿਗੀ ਥੋੜ੍ਹੀ।





ਭਿੰਡੀ, ਕਰੇਲਾ, ਬੈਂਗਣ, ਗੋਭੀ,
ਆ ਕੇ ਲੈ ਜਾਓ ਟੱਬਰ ਜੋਗੀ।
ਸਰ੍ਹੋਂ ਦਾ ਸਾਗ ਤੇ ਪਾਲਕ-ਮੇਥੇ,
ਮੂਲ਼ੀ, ਮਿਰਚ ਤੇ ਖੀਰਾ ਏਥੇ।

ਗਾਜਰ, ਮਟਰ, ਟਮਾਟਰ ਨਾਲ਼,
ਖਾ ਕੇ ਹੋ ਜਾਓ, ਲਾਲੋ-ਲਾਲ।
ਆਲੂ-ਗੰਢੇ, ਲਓ ਪਸੇਰੀ,
ਕਰ 'ਤੇ ਸਸਤੇ, ਲਾਓ ਨਾ ਦੇਰੀ।





ਬਰਗਰ-ਪੀਜ਼ਾ ਦੂਰ ਭਜਾਓ,
ਸਬਜ਼ੀ ਖਾਣ ਦੀ ਆਦਤ ਪਾਓ।
ਹਰੀਆਂ ਸਬਜ਼ੀਆਂ ਖਾਂਦੇ ਜਿਹੜੇ,
ਰੋਗ ਨਾ ਆਵਣ ਉਹਨਾਂ ਨੇੜੇ।

## ਪਾਠ-ਅਭਿਆਸ



**1. ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :**

(ੳ) ਸਬਜ਼ੀ ਵਾਲ਼ੇ .................... ਲਾਇਆ। (ਹੋਕਾ/ ਸੋਕਾ)

(ਅ) ਚੰਗੀ .................... ਦਾ ਇਹ ਨੇ ਰਾਜ਼। (ਸਿਹਤ/ਸਰੀਰ)

(ੲ) ਬਰਗਰ ਪੀਜ਼ਾ .................... ਭਜਾਓ। (ਦੂਰ/ਨੇੜੇ)

(ਸ) ਸਬਜ਼ੀ ਖਾਣ ਦੀ .................... ਪਾਓ। (ਆਦਤ/ਕੋਸ਼ਸ਼)

2. **ਸਤਰਾਂ ਪੂਰੀਆਂ ਕਰੋ :**

ਗਾਜਰ, ਮਟਰ, ਟਮਾਟਰ ਲਾਲ,

ਸਭ ਸਬਜ਼ੀਆਂ ਨੇ ਮੇਰੇ ਕੋਲ਼,

ਹਰੀਆਂ ਸਬਜ਼ੀਆਂ ਖਾਂਦੇ ਜਿਹੜੇ,

3. **ਸਬਜ਼ੀਆਂ ਦੇ ਨਾਂ ਲਿਖੋ :**

ਸਬਜ਼ੀਆਂ

4. **ਸਮਝੋ ਅਤੇ ਲਿਖੋ :**

| | | |
|---|---|---|
| ਸਬਜ਼ੀ | : | ਸਬਜ਼ੀਆਂ |
| ਆਲੂ | : | |
| ਤੋਰੀ | : | |
| ਭਿੰਡੀ | : | |




5. **ਸੁੰਦਰ ਕਰਕੇ ਲਿਖੋ :**

ਹਰੀਆਂ ਸਬਜ਼ੀਆਂ ਖਾਵਾਂਗੇ,

ਚੰਗੀ ਸਿਹਤ ਬਣਾਵਾਂਗੇ।




# ਆਓ ਬੁੱਝੀਏ

ਸਨਿੱਚਰਵਾਰ ਦਾ ਦਿਨ ਸੀ। ਅੱਧੀ ਛੁੱਟੀ ਹੋਈ। ਵਿਦਿਆਰਥੀ ਕਮਰਿਆਂ ਵਿੱਚੋਂ ਬਾਹਰ ਆ ਰਹੇ ਸਨ। ਭੋਲਾਂ ਤੇ ਅੰਜੂ ਦੂਜੀ ਸ਼੍ਰੇਣੀ ਵਿੱਚ ਪੜ੍ਹਦੀਆਂ ਸਨ। ਉਹ ਦੋਵੇਂ ਸਹੇਲੀਆਂ ਸਨ। ਅੱਜ ਅਖੀਰਲੀ ਘੰਟੀ ਵਿੱਚ ਬਾਲ-ਸਭਾ ਵੀ ਹੋਣੀ ਸੀ। ਬਾਲ-ਸਭਾ ਵਿੱਚ ਭੋਲਾਂ ਦੀ ਕੁਝ ਨਾ ਕੁਝ ਸੁਣਾਉਣ ਦੀ ਵਾਰੀ ਸੀ। ਉਹ ਸੋਚ ਰਹੀ ਸੀ ਕਿ ਉਹ ਕੀ ਸੁਣਾਵੇ।

ਅੰਜੂ ਭੋਲਾਂ ਨੂੰ ਕਹਿਣ ਲੱਗੀ ਕਿ ਆਓ, ਸਕੂਲ ਦੀ ਲਾਇਬ੍ਰੇਰੀ ਵਿੱਚ ਚੱਲੀਏ। ਉਹਨਾਂ ਦੇ ਮੁੱਖ ਅਧਿਆਪਕ ਜੀ ਨੇ ਬਰਾਂਡੇ ਵਿੱਚ ਲਾਇਬ੍ਰੇਰੀ ਲਈ ਇੱਕ ਥਾਂ ਬਣਾਈ ਹੋਈ ਸੀ। ਬਰਾਂਡੇ ਵਿੱਚ ਇੱਕ ਵੱਡੇ ਮੇਜ਼ ਉੱਤੇ ਕਿਤਾਬਾਂ, ਅਖ਼ਬਾਰਾਂ ਅਤੇ ਰਿਸਾਲੇ ਰੱਖੇ ਹੋਏ ਸਨ। ਉਹ ਦੋਵੇਂ ਮੇਜ਼ ਦੁਆਲ਼ੇ ਬੈਂਚਾਂ ਉੱਤੇ ਬੈਠ ਗਈਆਂ। ਉੱਥੇ ਇੱਕ ਨਵਾਂ ਰਿਸਾਲਾ ਆਇਆ ਪਿਆ ਸੀ। ਇਹ ਪੰਜਾਬੀ ਦਾ 'ਪ੍ਰਾਇਮਰੀ ਸਿੱਖਿਆ' ਸੀ। ਅੰਜੂ ਨੇ ਝੱਟ ਰਿਸਾਲਾ ਚੁੱਕਿਆ ਤੇ ਪੜ੍ਹਨ ਲੱਗ ਪਈ। ਇਸ ਰਿਸਾਲੇ ਵਿੱਚ ਕਵਿਤਾਵਾਂ, ਕਹਾਣੀਆਂ, ਲੇਖ ਤੇ ਹੋਰ ਰੋਚਕ ਰਚਨਾਵਾਂ ਸਨ। ਅੰਜੂ ਨੂੰ ਬੁਝਾਰਤਾਂ ਪੜ੍ਹਨ ਦਾ ਸ਼ੌਕ ਸੀ। ਅੰਜੂ ਨੇ 'ਪ੍ਰਾਇਮਰੀ ਸਿੱਖਿਆ' ਵਿੱਚੋਂ ਬੁਝਾਰਤਾਂ ਵਾਲ਼ਾ ਪੰਨਾ ਕੱਢ ਲਿਆ। ਭੋਲਾਂ ਪੰਜਾਬੀ ਦੇ ਅਖ਼ਬਾਰ ਦੇ ਪੰਨੇ ਫਰੋਲ਼ਨ ਲੱਗੀ।

"ਭੋਲਾਂ, ਇੱਧਰ ਵੇਖ! ਤੂੰ ਬੁਝਾਰਤਾਂ ਸੁਣ। ਮੈਂ ਹੌਲ਼ੀ-ਹੌਲ਼ੀ ਪੜ੍ਹਦੀ ਹਾਂ", ਅੰਜੂ ਨੇ ਕਿਹਾ। ਅੰਜੂ ਬੁਝਾਰਤਾਂ ਪੜ੍ਹਨ ਲੱਗੀ ਤੇ ਭੋਲਾਂ ਧਿਆਨ ਨਾਲ਼ ਸੁਣਨ ਲੱਗੀ। ਪਹਿਲੀ ਬੁਝਾਰਤ ਸੀ :



ਆਉਣਗੇ ਚੋਰ, ਖਿੱਚਣਗੇ ਡੋਰ,
ਵੱਜਣਗੀਆਂ ਤੂਤੀਆਂ, ਨੱਚਣਗੇ ਮੋਰ।

ਦੋਵੇਂ ਪੜ੍ਹ ਕੇ ਖ਼ੂਬ ਹੱਸੀਆਂ। ਇਹ ਤਾਂ ਬਿਲਕੁਲ ਨਵੀਂ ਬੁਝਾਰਤ ਹੈ। ਭੋਲਾਂ ਨੂੰ ਇਹ ਬੁਝਾਰਤ ਬਹੁਤ ਚੰਗੀ ਲੱਗੀ ਤੇ ਉਹ ਇਸ ਦਾ ਉੱਤਰ ਸੋਚਣ ਲੱਗੀ।

"ਚੱਲ, ਉੱਤਰ ਫੇਰ ਸੋਚੀਂ," ਅੰਜੂ ਨੇ ਅਗਲੀ ਬੁਝਾਰਤ ਪੜ੍ਹਦਿਆਂ ਕਿਹਾ।

ਦੂਜੀ ਬੁਝਾਰਤ ਸੀ :

ਮਾਂ ਸਾਰੇ ਜਗਤ ਦੀ,
ਇਸ ਤੋਂ ਬਾਝ ਨਾ ਕੋਈ।
ਬੁੱਢੀ ਲੱਖਾਂ ਵਰ੍ਹਿਆਂ ਦੀ,
ਪਰ ਅਜੇ ਵੀ ਨਵੀਂ-ਨਿਰੋਈ।



"ਇਹ ਬੁਝਾਰਤ ਤਾਂ ਕਵਿਤਾ ਵਰਗੀ ਹੈ," ਭੋਲਾਂ ਬੋਲੀ।

ਅੰਜੂ ਨੇ ਤੀਜੀ ਬੁਝਾਰਤ ਪੜ੍ਹੀ :

ਦੋ ਅੱਖਰਾਂ ਦਾ ਮੇਰਾ ਨਾਮ,
ਸਮਾਂ ਬਤਾਉਣਾ ਮੇਰਾ ਕਾਮ।



ਭੋਲਾਂ ਝੱਟ ਬੋਲੀ, 'ਇਹ ਤਾਂ ਘੜੀ ਹੈ।'

ਚੌਥੀ ਬੁਝਾਰਤ ਸੀ :



ਕਿਹੜਾ ਪੰਛੀ ਦੱਸੋ ਐਸਾ,
ਜਿਸ ਦੀ ਪੂਛ 'ਤੇ ਟਿਕਿਆ ਪੈਸਾ।
ਕੌਮੀ ਪੰਛੀ ਮੰਨਿਆ ਜਾਵੇ,
ਬੱਦਲ਼ ਵੇਖ ਉਹ ਖ਼ੁਸ਼ੀ ਮਨਾਵੇ।

"ਬੁੱਝ ਲਈ, ਬੁੱਝ ਲਈ, ਇਹ ਤਾਂ ਮੋਰ ਹੈ।" ਭੋਲਾਂ ਖ਼ੁਸ਼ੀ ਵਿੱਚ ਬੋਲੀ

"ਬਿਲਕੁਲ ਠੀਕ। ਲੈ, ਅਗਲੀ ਬੁਝਾਰਤ ਸੁਣ," ਅੰਜੂ ਬੋਲੀ।

ਪੰਜਵੀਂ ਬੁਝਾਰਤ ਸੀ :



ਹੱਥਾਂ ਬਾਝੋਂ ਪੈਰਾਂ ਬਾਝੋਂ,
ਇੱਧਰ-ਉੱਧਰ ਜਾਵੇ।
ਮੂੰਹ, ਜੀਭ ਤੇ ਦੰਦ ਨਾ ਕੋਈ
ਫਿਰ ਵੀ ਹਾਲ ਸੁਣਾਵੇ।

ਅੰਜੂ ਨੇ ਇਸ ਬੁਝਾਰਤ ਦਾ ਉੱਤਰ ਥੱਲੇ ਲਿਖਿਆ ਵੇਖ ਲਿਆ। "ਭੋਲਾਂ, ਤੂੰ ਉੱਤਰ ਦੇ!", ਅੰਜੂ ਨੇ ਚਲਾਕੀ ਨਾਲ਼ ਕਿਹਾ। ਭੋਲਾਂ ਸੋਚਣ ਲੱਗ ਪਈ।

"ਅੰਜੂ, ਇਹ ਬੁਝਾਰਤ ਤਾਂ ਔਖੀ ਏ। ਕੋਈ ਅਤਾ-ਪਤਾ ? " ਭੋਲਾਂ ਪੁੱਛਣ ਲੱਗੀ।

"ਤੇਰੇ ਨੇੜੇ ਹੀ ਹੈ। ਤੂੰ ਉਸ ਨੂੰ ਫਰੋਲ਼ਦੀ ਸੀ", ਅੰਜੂ ਬੋਲੀ।

"ਅੱਛਾ-ਅੱਛਾ ! ਇਹ ਤਾਂ ਅਖ਼ਬਾਰ ਹੀ ਹੋ ਸਕਦਾ ਹੈ," ਭੋਲਾਂ ਨੇ ਹੱਸਦਿਆਂ ਕਿਹਾ। ਅਗਲੀ ਬੁਝਾਰਤ ਬਹੁਤ ਛੋਟੀ ਜਿਹੀ ਸੀ।



ਨਿੱਕੀ ਜਿਹੀ ਕੌਲੀ,
ਦਿੱਲੀ ਜਾ ਕੇ ਬੋਲੀ।

"ਲੈ, ਇਹ ਤਾਂ ਟੈਲੀਫ਼ੂਨ ਹੈ, ਜਿਸ ਉੱਤੇ ਤੂੰ ਤੇ ਮੈਂ ਰੋਜ਼ ਗੱਲਾਂ ਕਰਦੀਆਂ ਹਾਂ," ਭੋਲਾਂ ਨੇ ਖ਼ੁਸ਼ੀ-ਖ਼ੁਸ਼ੀ ਉੱਤਰ ਦਿੱਤਾ।

'ਲੈ, ਅਖੀਰਲੀ ਬੁਝਾਰਤ ਸੁਣ," ਅੰਜੂ ਬੋਲੀ। ਬੁਝਾਰਤ ਸੀ :

ਬਾਤ ਪਾਵਾਂ ਬਤੋਲੀ ਪਾਵਾਂ,
ਬਾਤ ਨੂੰ ਲਾਵਾਂ ਪਰਾਂਦਾ।
ਇੱਕ ਬੰਦਾ ਮੈਂ ਐਸਾ ਡਿੱਠਾ,
ਫਿਟ-ਫਿਟ ਕਰਦਾ ਜਾਂਦਾ।



ਬੁਝਾਰਤਾਂ ਦੇ ਉੱਤਰ ਥੱਲੇ ਦਿੱਤੇ ਹੋਏ ਸਨ। ਅੰਜੂ ਤੇ ਭੋਲਾਂ ਦੋਵੇਂ ਪੜ੍ਹਨ ਲੱਗੀਆਂ।

1. ਸਿਲਾਈ-ਮਸ਼ੀਨ 2. ਧਰਤੀ 3. ਘੜੀ 4. ਮੋਰ 5. ਅਖ਼ਬਾਰ 6. ਟੈਲੀਫ਼ੂਨ 8. ਮੋਟਰ-ਸਾਈਕਲ।

ਭੋਲਾਂ ਨੂੰ ਵੀ ਇਹ ਬੁਝਾਰਤਾਂ ਬਹੁਤ ਚੰਗੀਆਂ ਲੱਗੀਆਂ। ਉਸ ਨੇ ਬਾਲ-ਸਭਾ ਵਿੱਚ ਸੁਣਾਉਣ ਲਈ ਇਹ ਬੁਝਾਰਤਾਂ ਆਪਣੀ ਕਾਪੀ ਵਿੱਚ ਲਿਖ ਲਈਆਂ। ਅੱਧੀ ਛੁੱਟੀ ਖ਼ਤਮ ਹੋ ਗਈ। ਵਿਦਿਆਰਥੀ ਆਪਣੀ-ਆਪਣੀ ਸ਼੍ਰੇਣੀ ਦੇ ਕਮਰਿਆਂ ਵਿੱਚ ਜਾਣ ਲੱਗੇ।

## ਪਾਠ-ਅਭਿਆਸ



**1. ਚੱਲੋ, ਮੇਰੀ ਬਾਤ ਬੁੱਝੋ :**

(ੳ) **"ਆਉਣਗੇ ਚੋਰ, ਖਿੱਚਣਗੇ ਡੋਰ, ਵੱਜਣਗੀਆਂ ਤੂਤੀਆਂ ਨੱਚਣਗੇ ਮੋਰ।"**

ਟੈਲੀਫ਼ੂਨ ਘੜੀ ਸਿਲਾਈ-ਮਸ਼ੀਨ

(ਅ) **"ਨਿੱਕੀ ਜਿਹੀ ਕੌਲੀ, ਦਿੱਲੀ ਜਾ ਕੇ ਬੋਲੀ।"**

ਟੈਲੀਫ਼ੂਨ ਸਿਲਾਈ-ਮਸ਼ੀਨ ਘੜੀ

**2. ਹੇਠ ਲਿਖੇ ਵਾਕਾਂ ਦੇ ਸਾਮ੍ਹਣੇ ਦਿੱਤੇ ਖ਼ਾਨੇ ਵਿੱਚ ਠੀਕ (✓) ਜਾਂ ਗ਼ਲਤ (×) ਦਾ ਨਿਸ਼ਾਨ ਲਾਓ :**

(ੳ) ਅੱਜ ਅਖੀਰਲੀ ਘੰਟੀ ਵਿੱਚ ਬਾਲ-ਸਭਾ ਵੀ ਹੋਣੀ ਸੀ। ☐

(ਅ) ਅੰਜੂ ਨੂੰ ਕਹਾਣੀਆਂ ਪੜ੍ਹਨ ਦਾ ਸ਼ੌਕ ਸੀ। ☐

(ੲ) ਅੱਧੀ ਛੁੱਟੀ ਵੇਲ਼ੇ ਵਿਦਿਆਰਥੀ ਘਰਾਂ ਨੂੰ ਚਲੇ ਗਏ। ☐

(ਸ) ਭੋਲਾਂ ਨੂੰ ਇਹ ਬੁਝਾਰਤਾਂ ਚੰਗੀਆਂ ਨਾ ਲੱਗੀਆਂ। ☐

(ਹ) ਸਾਡਾ ਕੌਮੀ ਪੰਛੀ ਮੋਰ ਹੈ। ☐

**3. ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :**

(ੳ) ਭੋਲਾਂ ਅਤੇ ਅੰਜੂ ................ ਸ਼੍ਰੇਣੀ ਵਿੱਚ ਪੜ੍ਹਦੀਆਂ ਸੀ। (ਦੂਜੀ / ਪੰਜਵੀਂ)

(ਅ) ਆਓ, ਸਕੂਲ ਦੀ ................ ਵਿੱਚ ਚੱਲੀਏ। (ਕੰਟੀਨ / ਲਾਇਬ੍ਰੇਰੀ)

(ੲ) ਇਹ ਤਾਂ ਬਿਲਕੁਲ ................ ਬੁਝਾਰਤ ਹੈ। (ਨਵੀਂ / ਪੁਰਾਣੀ)

(ਸ) ਇਹ ਬੁਝਾਰਤ ਤਾਂ ................ ਵਰਗੀ ਹੈ। (ਕਵਿਤਾ / ਗੀਤ)

(ਹ) ਭੋਲਾਂ ਨੂੰ ਵੀ ਇਹ ................ ਬਹੁਤ ਚੰਗੀਆਂ ਲੱਗੀਆਂ। (ਆਦਮੀ / ਬੁਝਾਰਤਾਂ)

**4. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :**

(ੳ) **ਲਾਇਬ੍ਰੇਰੀ ਵਿੱਚ ਕੀ ਕੁਝ ਹੁੰਦਾ ਹੈ ?**

................................................................

(ਅ) **ਅੰਜੂ ਨੂੰ ਕੀ ਪੜ੍ਹਨ ਦਾ ਸ਼ੌਂਕ ਸੀ ?**

................................................................

(ੲ) **ਪੰਜਾਬੀ ਰਿਸਾਲੇ ਦਾ ਨਾਂ ਕੀ ਸੀ ?**

................................................................

(ਸ) **ਕਿਹੜਾ ਪੰਛੀ ਬੱਦਲ਼ ਵੇਖ ਕੇ ਖ਼ੁਸ਼ੀ ਮਨਾਉਂਦਾ ਹੈ ?**

................................................................

## 5. ਸਮਝੋ ਅਤੇ ਲਿਖੋ :

ਸਹੇਲੀ : ਸਹੇਲੀਆਂ ਛੁੱਟੀ : ..................

ਪੰਛੀ : .................. ਘੰਟੀ : ..................

## 6. ਸੁੰਦਰ ਕਰਕੇ ਲਿਖੋ :

ਆਓ, ਸਕੂਲ ਦੀ ਲਾਇਬ੍ਰੇਰੀ ਵਿੱਚ ਚੱਲੀਏ।

## 7. ਆਓ ਬੁੱਝੀਏ:

| | | | | |
|---|---|---|---|---|
| (ੳ) ਦੁੱਧ ਦੇਣ ਵਾਲ਼ਾ ਜਾਨਵਰ। | | ਬੱ | | ਗੀ |
| (ਅ) ਸਮਾਂ ਦੱਸਦੀ ਹੈ। | | ਘ | | |
| (ੲ) ਭਾਰਤ ਦਾ ਰਾਸ਼ਟਰੀ ਪੰਛੀ ਹੈ। | | | ਰ | |
| (ਸ) ਦੁਨੀਆ ਭਰ ਦੀਆਂ ਖ਼ਬਰਾਂ ਦੱਸਦਾ ਹੈ। | ਅ | | ਬਾ | |
| (ਹ) ਜਿਸ ਨੂੰ ਸਾਰੇ ਜਗਤ ਦੀ ਮਾਂ ਕਿਹਾ ਜਾਂਦਾ ਹੈ। | | ਧ | | |
| (ਕ) ਜੰਗਲ਼ ਦਾ ਰਾਜਾ ਹੈ। | | ਸ਼ੇ | | |
| (ਖ) ਪਿਤਾ ਦੇ ਛੋਟੇ ਭਰਾ ਨੂੰ ਕੀ ਕਹਿੰਦੇ ਹਨ ? | | ਚਾ | | |



**ਆਪਣੇ ਸਕੂਲ ਦੀ ਬਾਲ-ਸਭਾ ਵਿੱਚ ਬੁਝਾਰਤਾਂ ਸੁਣਾਓ।**